## ਖਪਤਕਾਰ ਸੁਰੱਖਿਆ ਨੁਕਤੇ

# ਪ੍ਰਵਾਸੀਆਂ ਲਈ

ਕਾਰਜ-ਸਥਾਨ ਅਤੇ ਬਾਜ਼ਾਰ ਵਿੱਚ ਪ੍ਰਵਾਸੀ ਵਿਲੱਖਣ ਚੁਣੌਤੀਆਂ ਦਾ ਸਾਹਮਣਾ ਕਰਦੇ ਹਨ। ਖਪਤਕਾਰ ਮਾਮਲਿਆਂ ਦੇ ਵਿਭਾਗ (Department of Consumer Affairs) ਨੇ ਪ੍ਰਵਾਸੀਆਂ ਨੂੰ ਉਹਨਾਂ ਦੇ ਅਧਿਕਾਰਾਂ ਬਾਰੇ ਅਤੇ ਮਦਦ ਲੱਭਣ ਦੇ ਸਥਾਨਾਂ ਬਾਰੇ ਸਿੱਖਿਅਤ ਕਰਨ ਲਈ ਇਹਨਾਂ ਨੁਕਤਿਆਂ ਦੀ ਸਿਰਜਣਾ ਕੀਤੀ ਹੈ।

ਅੰਦਰ:

ਪ੍ਰਵਾਸ ਸਹਾਇਤਾ ਸੇਵਾਵਾਂ ਪੰਨਾ 3
ਰੁਜ਼ਗਾਰ ਅਦਾਰੇ ਪੰਨਾ 5
ਵਿੱਤ ਪੰਨਾ 8
ਟੈਕਸ ਦੀ ਤਿਆਰੀ ਪੰਨਾ 11

NYC
Bill de Blasio
Mayor

Consumer Affairs
Lorelei Salas
Commissioner

Mayor's Office of Immigrant Affairs
Nisha Agarwal
Commissioner

Small Business Services
Gregg Bishop
Commissioner

# ਪ੍ਰਵਾਸੀਆਂ ਵਾਸਤੇ ਖਪਤਕਾਰ ਸੁਰੱਖਿਆ ਨੁਕਤੇ:

# ਪ੍ਰਵਾਸ ਸਹਾਇਤਾ ਸੇਵਾਵਾਂ

## ਇਸਤੋਂ ਪਹਿਲਾਂ ਕਿ ਤੁਸੀਂ ਪੜ੍ਹਨਾ ਜਾਰੀ ਰੱਖੋਂ…

**ਮੁਫ਼ਤ ਮਦਦ ਪ੍ਰਾਪਤ ਕਰੋ।**

ਇਹ ਸ਼ਹਿਰ ਪ੍ਰਵਾਸ ਸਬੰਧੀ ਸੁਰੱਖਿਅਤ, ਮੁਫ਼ਤ ਕਨੂੰਨੀ ਪੜਤਾਲਾਂ ਦੀ ਪੇਸ਼ਕਸ਼ ਕਰਦਾ ਹੈ। nyc.gov/actionnyc ਦੇਖੋ ਜਾਂ ਫਿਰ 311 ’ਤੇ ਕਾਲ ਕਰੋ ਅਤੇ “ActionNYC” ਕਹੋ। “ਮੁਫ਼ਤ ਮਦਦ” ਅਤੇ “ਹੋਰ ਸਰੋਤ” ਦੇਖੋ।

### ਜੇ ਤੁਸੀਂ ਕਿਸੇ ਪ੍ਰਵਾਸ ਸਹਾਇਤਾ ਸੇਵਾ ਪ੍ਰਦਾਨਕ (Immigration Assistance Service Providers) ਦੇ ਨਾਲ ਕੰਮ ਕਰਦੇ ਹੋ, ਤਾਂ ਤੁਹਾਡੀ ਮਦਦ ਕਰਨ ਵਾਸਤੇ ਏਥੇ ਕੁਝ ਨੁਕਤੇ ਦਿੱਤੇ ਜਾ ਰਹੇ ਹਨ।

ਪ੍ਰਵਾਸ ਸਹਾਇਤਾ ਸੇਵਾ ਪ੍ਰਦਾਨਕ ਉਹ ਲੋਕ ਜਾਂ ਕਾਰੋਬਾਰ ਹੁੰਦੇ ਹਨ ਜੋ ਕਿਸੇ ਵੀ ਕਿਸਮ ਦੀਆਂ ਪ੍ਰਵਾਸ-ਸਬੰਧਿਤ ਸੇਵਾਵਾਂ ਲਈ ਫੀਸ ਚਾਰਜ ਕਰਦੇ ਹਨ। ਉਹ ਵਕੀਲ ਨਹੀਂ ਹਨ। ਪ੍ਰਵਾਸ ਸਬੰਧੀ ਸਲਾਹ ਦੇਣ ਲਈ ਉਹਨਾਂ ਨੂੰ ਸਰਕਾਰ ਕੋਲੋਂ ਇਜਾਜ਼ਤ ਨਹੀਂ ਮਿਲੀ ਹੋਈ।

ਇਹਨਾਂ ਪ੍ਰਦਾਨਕਾਂ ਨੂੰ ਨਿਮਨਲਿਖਤ ਦੀ ਆਗਿਆ ਹੈ:

- ਦਸਤਾਵੇਜ਼ਾਂ ਨੂੰ ਅਨੁਵਾਦ ਕਰਨਾ ਅਤੇ ਤਸਦੀਕ ਕਰਨਾ।
- ਦਸਤਾਵੇਜ਼ ਇਕੱਠੇ ਕਰਨ (ਜਿਵੇਂ ਕਿ ਜਨਮ ਦਾ ਸਰਟੀਫਿਕੇਟ ਜਾਂ ਸਕੂਲ ਰਿਕਾਰਡ) ਵਿੱਚ ਤੁਹਾਡੀ ਮਦਦ ਕਰਨਾ।
- ਅਰਜ਼ੀ ਫਾਰਮ ਟਾਈਪ ਕਰਨਾ (ਪਰ ਇਸ ਬਾਰੇ ਸਲਾਹ ਨਾ ਦੇਣਾ ਕਿ ਸਵਾਲਾਂ ਦਾ ਜਵਾਬ ਕਿਵੇਂ ਦੇਣਾ ਹੈ)।
- ਫ਼ੋਟੋਆਂ ਜਾਂ ਡਾਕਟਰੀ ਟੈਸਟਾਂ ਵਾਸਤੇ ਇੰਤਜ਼ਾਮ ਕਰਨਾ।
- ਅੰਗਰੇਜ਼ੀ ਭਾਸ਼ਾ ਜਾਂ ਨਾਗਰਿਕ ਸ਼ਾਸ਼ਤਰ ਟੈਸਟਾਂ ਵਾਸਤੇ ਤਿਆਰੀ ਕਰਨ ਵਿੱਚ ਤੁਹਾਡੀ ਮਦਦ ਕਰਨਾ।

ਇਹਨਾਂ ਪ੍ਰਦਾਨਕਾਂ ਨੂੰ ਨਿਮਨਲਿਖਤ ਨੂੰ ਕਰਨ ਦੀ ਆਗਿਆ *ਨਹੀਂ* ਹੈ:

- ਇਹ ਚੋਣ ਕਰਨਾ ਕਿ ਕਿਹੜੇ ਪ੍ਰਵਾਸ ਫਾਰਮ ਤੁਹਾਨੂੰ ਸਪੁਰਦ ਕਰਨੇ ਚਾਹੀਦੇ ਹਨ।
- ਸਪੁਰਦ ਕੀਤੇ ਜਾਣ ਵਾਲੇ ਦਸਤਾਵੇਜ਼ਾਂ ਬਾਰੇ ਕਨੂੰਨੀ ਸਲਾਹ ਦੇਣਾ।
- ਤੁਹਾਡੇ ਪ੍ਰਵਾਸ ਸਬੰਧੀ ਵਿਕਲਪਾਂ ਬਾਰੇ ਵਰਣਨ ਕਰਨਾ।
- ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਸਰਵਿਸਜ (USCIS) ਨਾਲ ਤੁਹਾਡੇ ਕੇਸ ਬਾਰੇ ਵਿਚਾਰ-ਵਟਾਂਦਰਾ ਕਰਨਾ।

## ਨੁਕਤੇ

- ਜਾਣੋ ਕਿ ਜਦ ਤੁਸੀਂ ਕਿਸੇ ਪ੍ਰਦਾਨਕ ਕੋਲ ਜਾਂਦੇ ਹੋ ਤਾਂ ਤੁਹਾਨੂੰ ਕਿਹੜੇ ਅਰਜ਼ੀ ਫਾਰਮ ਫਾਈਲ ਕਰਨ ਦੀ ਲੋੜ ਹੁੰਦੀ ਹੈ।
- ਕੇਵਲ ਉਹਨਾਂ ਪ੍ਰਦਾਨਕਾਂ ਕੋਲ ਜਾਓ ਜਿੰਨ੍ਹਾਂ ਦੇ ਭੌਤਿਕ ਟਿਕਾਣੇ ਹੁੰਦੇ ਹਨ। ਕਿਸੇ ਅਜਿਹੇ ਦੀ ਵਰਤੋਂ ਨਾ ਕਰੋ ਜਿਸ ਨਾਲ ਤੁਸੀਂ ਕੇਵਲ ਫ਼ੋਨ ਜਾਂ ਈਮੇਲ ਰਾਹੀਂ ਸੰਪਰਕ ਕਰ ਸਕਦੇ ਹੋ।
- ਕਿਸੇ ਵੀ ਅਜਿਹੇ ਪ੍ਰਦਾਨਕ ’ਤੇ ਵਿਸ਼ਵਾਸ ਨਾ ਕਰੋ ਜੋ ਇਹ ਦਾਅਵਾ ਕਰਦਾ ਹੈ ਕਿ ਉਸਦਾ ਪ੍ਰਵਾਸ ਸਬੰਧੀ ਅਧਿਕਾਰੀਆਂ ਨਾਲ ਵਿਸ਼ੇਸ਼ ਅਸਰ-ਰਸੂਖ ਹੈ।
- ਸੇਵਾਵਾਂ ਪ੍ਰਦਾਨ ਕਰਾਉਣ ਤੋਂ ਪਹਿਲਾਂ ਪ੍ਰਦਾਨਕਾਂ ਨੂੰ ਲਾਜ਼ਮੀ ਤੌਰ ’ਤੇ ਤੁਹਾਡੇ ਨਾਲ ਇੱਕ ਲਿਖਤੀ ਇਕਰਾਰਨਾਮੇ ’ਤੇ ਦਸਤਖ਼ਤ ਕਰਨੇ ਚਾਹੀਦੇ ਹਨ। ਦਸਤਖ਼ਤ ਕਰਨ ਤੋਂ ਪਹਿਲਾਂ ਇਕਰਾਰਨਾਮੇ ਨੂੰ ਪੜ੍ਹੋ। ਆਪਣੇ ਰਿਕਾਰਡਾਂ ਵਾਸਤੇ ਇਸਦੀ ਇੱਕ ਨਕਲ ਰੱਖੋ।
- ਅਸਲੀ ਦਸਤਾਵੇਜ਼ (ਜਿਵੇਂ ਕਿ ਵਿਆਹ ਦਾ ਸਰਟੀਫਿਕੇਟ) ਨਾ ਦਿਓ। ਇਸਦੀ ਬਜਾਏ ਨਕਲਾਂ ਦਿਓ।
- ਇੱਕ ਲਿਖਤੀ ਰਸੀਦ ਪ੍ਰਾਪਤ ਕਰੋ। ਯਕੀਨੀ ਬਣਾਓ ਕਿ ਰਸੀਦ ਵਿੱਚ ਪ੍ਰਦਾਨਕ ਦਾ ਨਾਮ ਅਤੇ ਪਤਾ ਹੋਵੇ।
- ਕਿਸੇ ਵੀ ਖਾਲੀ ਜਾਂ ਅਧੂਰੇ ਫਾਰਮਾਂ ’ਤੇ ਦਸਤਖ਼ਤ ਨਾ ਕਰੋ। ਇਸ ਗੱਲ ’ਤੇ ਅੜੇ ਰਹੋ ਕਿ ਪ੍ਰਦਾਨਕ ਕਿਸੇ ਵੀ ਅਜਿਹੇ ਫਾਰਮ ’ਤੇ ਦਸਤਖ਼ਤ ਕਰੇ ਜੋ ਉਹ ਤੁਹਾਡੇ ਵਾਸਤੇ ਤਿਆਰ ਕਰਦਾ ਹੈ।
- ਤੁਹਾਡੀ ਸੁਰੱਖਿਆ ਵਾਸਤੇ ਪ੍ਰਦਾਨਕਾਂ ਲਈ ਇੱਕ ਬਾਂਡ ਬਣਾਕੇ ਰੱਖਣਾ ਲਾਜ਼ਮੀ ਹੈ। ਬਾਂਡ ਕੰਪਨੀ ਜਾਂ ਬੈਂਕ ਦੇ ਨਾਮ ਅਤੇ ਸੰਪਰਕ ਜਾਣਕਾਰੀ ਨੂੰ ਲਿਖ ਲਓ। ਜੇ ਤੁਹਾਡਾ ਨੁਕਸਾਨ ਹੋ ਜਾਂਦਾ ਹੈ, ਤਾਂ ਤੁਸੀਂ ਪ੍ਰਦਾਨਕ ਜਾਂ ਇਸਦੀ ਬਾਂਡ ਕੰਪਨੀ ਕੋਲੋਂ ਪੈਸੇ ਵਸੂਲਣ ਲਈ ਅਦਾਲਤ ਜਾ ਸਕਦੇ ਹੋ।
- ਖਪਤਕਾਰ ਮਾਮਲਿਆਂ ਲਈ ਵਿਭਾਗ (Department of Consumer Affairs) (DCA) ਕੋਲ ਔਨਲਾਈਨ nyc.gov/dca ’ਤੇ ਸ਼ਿਕਾਇਤ ਦਾਇਰ ਕਰਵਾਓ ਜਾਂ ਫਿਰ ਆਪਣੀ ਭਾਸ਼ਾ ਵਿੱਚ ਸ਼ਿਕਾਇਤ ਦਾਇਰ ਕਰਵਾਉਣ ਲਈ 311 ਨਾਲ ਸੰਪਰਕ ਕਰੋ। ਸ਼ਿਕਾਇਤ ਕਰਨ ਵਾਸਤੇ ਤੁਹਾਨੂੰ ਆਪਣਾ ਨਾਮ ਜਾਂ ਤੁਹਾਡੇ ਪ੍ਰਵਾਸੀ ਦਰਜੇ ਬਾਰੇ ਦੱਸਣ ਦੀ ਲੋੜ ਨਹੀਂ ਹੈ। ਨੋਟ: ਜੇ ਤੁਸੀਂ ਚਾਹੁੰਦੇ ਹੋ ਕਿ DCA ਤੁਹਾਡੇ ਨਾਲ ਸੰਪਰਕ ਕਰੇ, ਤਾਂ ਤੁਹਾਡੇ ਲਈ ਆਪਣਾ ਨਾਮ ਅਤੇ ਪਤਾ ਪ੍ਰਦਾਨ ਕਰਾਉਣਾ ਲਾਜ਼ਮੀ ਹੈ।
- ਕਿਸੇ ਅਟਾਰਨੀ ਬਾਰੇ ਸ਼ਿਕਾਇਤ ਦਾਇਰ ਕਰਵਾਉਣ ਲਈ 311 ’ਤੇ ਕਾਲ ਕਰੋ ਜਾਂ ਫਿਰ nycourts.gov ਦੇਖੋ ਅਤੇ “Attorney Disciplinary/ Grievance Committee” ਵਾਸਤੇ ਖੋਜ ਕਰੋ।

# ਇਹਨਾਂ ਤੋਂ ਬਚੋ...

ਨਿਊ ਯਾਰਕ ਸਟੇਟ ਵਿੱਚ ਕੋਈ ਨੋਟਰੀ ਪਬਲਿਕ ਜਾਂ notario público ਕੋਈ ਅਟਾਰਨੀ ਨਹੀਂ ਹੁੰਦਾ। ਕੋਈ ਨੋਟਰੀ ਪਬਲਿਕ ਕਨੂੰਨੀ ਸਲਾਹ ਨਹੀਂ ਦੇ ਸਕਦਾ, ਕਨੂੰਨੀ ਦਸਤਾਵੇਜ਼ਾਂ ਦਾ ਖਰੜਾ ਨਹੀਂ ਬਣਾ ਸਕਦਾ, ਜਾਂ ਕਨੂੰਨੀ ਉਚਿਤਤਾ ਵਾਸਤੇ ਦਸਤਾਵੇਜ਼ਾਂ ਦੀ ਸਮੀਖਿਆ ਨਹੀਂ ਕਰ ਸਕਦਾ।

ਖਾਲੀ ਸਰਕਾਰੀ ਫਾਰਮਾਂ ਵਾਸਤੇ ਕਦੇ ਵੀ ਭੁਗਤਾਨ ਨਾ ਕਰੋ। ਫਾਰਮ USCIS ਦੀ ਵੈੱਬਸਾਈਟ uscis.gov ’ਤੇ ਮੁਫ਼ਤ ਉਪਲਬਧ ਹਨ। ਪ੍ਰਦਾਨਕਾਂ ਨੂੰ ਮੁਫ਼ਤ ਫਾਰਮ ਦੇਣ ਦੀ ਲੋੜ ਨਹੀਂ।

## ਮੁਫ਼ਤ ਮਦਦ

- ActionNYC ਤੁਹਾਡੇ ਆਪਣੇ ਭਾਈਚਾਰੇ ਵਿੱਚ, ਤੁਹਾਡੀ ਆਪਣੀ ਭਾਸ਼ਾ ਵਿੱਚ ਸੁਰੱਖਿਅਤ, ਮੁਫ਼ਤ ਪ੍ਰਵਾਸ ਸਬੰਧੀ ਕਨੂੰਨੀ ਪੜਤਾਲਾਂ ਪ੍ਰਦਾਨ ਕਰਾਉਂਦੀ ਹੈ। nyc.gov/actionnyc ’ਤੇ ਜਾਓ ਜਾਂ ਫਿਰ 311 ’ਤੇ ਕਾਲ ਕਰੋ ਅਤੇ “ActionNYC” ਕਹੋ।

### ਮਹੱਤਵਪੂਰਨ

- ਸਿੱਧੀਆਂ ਸਮਾਜਕ ਸੇਵਾਵਾਂ ਪ੍ਰਦਾਨ ਕਰਨ ਵਾਲੇ ਸ਼ਹਿਰੀ ਅਦਾਰਿਆਂ ਲਈ ਤੁਹਾਡੀ ਪਹਿਲੀ ਭਾਸ਼ਾ ਵਿੱਚ ਦੁਭਾਸ਼ੀਆ ਅਤੇ ਅਨੁਵਾਦ ਸੇਵਾਵਾਂ ਦਾ ਇੰਤਜ਼ਾਮ ਕਰਨਾ ਲਾਜ਼ਮੀ ਹੈ।
- ਸ਼ਹਿਰ ਦੇ ਅਦਾਰੇ ਤਦ ਤੱਕ ਪ੍ਰਵਾਸ ਦੇ ਦਰਜੇ ਬਾਰੇ ਨਹੀਂ ਪੁੱਛ ਸਕਦੇ ਜਦ ਤੱਕ ਕਿਸੇ ਲਾਭ ਜਾਂ ਸੇਵਾ ਵਾਸਤੇ ਯੋਗਤਾ ਦਾ ਨਿਰਣਾ ਕਰਨ ਲਈ ਅਜਿਹਾ ਕਰਨਾ ਜ਼ਰੂਰੀ ਨਹੀਂ ਹੁੰਦਾ।

- ਮੁਫ਼ਤ ਪ੍ਰਵਾਸ ਸਲਾਹ ਜਾਂ ਮਦਦ ਬਾਰੇ ਜਾਣਕਾਰੀ ਵਾਸਤੇ, ਨਿਊ ਯਾਰਕ ਸਟੇਟ ਇਮੀਗਰੇਸ਼ਨ ਹੌਟਲਾਈਨ ਨੂੰ 1-800-566-7636 ਜਾਂ 1-212-419-3737 ’ਤੇ ਕਾਲ ਕਰੋ।

## ਹੋਰ ਸਰੋਤ

- ਪ੍ਰਵਾਸੀਆਂ ਵਾਸਤੇ ਖਪਤਕਾਰ ਸੁਰੱਖਿਆ ਸਬੰਧੀ ਹੋਰ ਨੁਕਤੇ ਪੜ੍ਹੋ:
  - ਰੁਜ਼ਗਾਰ ਅਦਾਰੇ
  - ਵਿੱਤ
  - ਟੈਕਸ ਦੀ ਤਿਆਰੀ
- ਵਧੇਰੇ ਜਾਣਕਾਰੀ ਵਾਸਤੇ nyc.gov/dca ਦੇਖੋ ਜਿਸ ਵਿੱਚ ਨਮੂਨੇ ਦਾ ਪ੍ਰਵਾਸ ਸਹਾਇਤਾ ਸੇਵਾ ਇਕਰਾਰਨਾਮਾ ਵੀ ਸ਼ਾਮਲ ਹੈ।
- ਮੇਅਰਜ਼ ਆਫਿਸ ਆਫ ਇਮੀਗਰਾਂਟ ਅਫੇਅਰਜ (MOIA): ਪ੍ਰਵਾਸੀਆਂ ਵਾਸਤੇ ਕਨੂੰਨੀ ਅਤੇ ਸ਼ਹਿਰੀ ਸੇਵਾਵਾਂ ਬਾਰੇ ਜਾਣਕਾਰੀ ਵਾਸਤੇ nyc.gov/immigrants ਦੇਖੋ।
- ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਸਰਵਿਸਜ (USCIS): USCIS ਫਾਰਮਾਂ ਵਾਸਤੇ uscis.gov ਦੇਖੋ ਜਾਂ 1-800-870-3676 ’ਤੇ ਕਾਲ ਕਰੋ।
- ਨਿਊ ਯਾਰਕ ਅਟਾਰਨੀ ਜਨਰਲ ਆਫਿਸ: ਵਧੀਕ ਜਾਣਕਾਰੀ ਅਤੇ ਸਰੋਤਾਂ ਵਾਸਤੇ ag.ny.gov ਦੇਖੋ ਅਤੇ “Immigration Fraud” ਵਾਸਤੇ ਖੋਜ ਕਰੋ। ਪੜ੍ਹੋ *Don’t Be A Victim Of Immigration Fraud*.
- ਫੈਡਰਲ ਟਰੇਡ ਕਮਿਸ਼ਨ (FTC): ਵਧੀਕ ਜਾਣਕਾਰੀ ਅਤੇ ਸਰੋਤਾਂ ਵਾਸਤੇ ftc.gov ਦੇਖੋ ਅਤੇ “immigrant scams” ਵਾਸਤੇ ਖੋਜ ਕਰੋ। ਪੜ੍ਹੋ:
  - Scams Against Immigrants
  - Spotting, Avoiding & Reporting Scams: ਹਾਲੀਆ ਸਮੇਂ ਵਿੱਚ ਆਏ ਸ਼ਰਣਾਰਥੀਆਂ ਅਤੇ ਪ੍ਰਵਾਸੀਆਂ ਵਾਸਤੇ ਧੋਖਾਧੜੀ ਸਬੰਧੀ ਇੱਕ ਹੈਂਡਬੁੱਕ
- ਨਿਊ ਯਾਰਕ ਸਿਟੀ ਬਾਰ ਐਸੋਸੀਏਸ਼ਨ: ਕਿਸੇ ਅਟਾਰਨੀ ਦੀ ਸਿਫਾਰਸ਼ ਵਾਸਤੇ 1-212-626-7373 ’ਤੇ ਕਾਲ ਕਰੋ।

## ਪ੍ਰਵਾਸੀਆਂ ਵਾਸਤੇ ਖਪਤਕਾਰ ਸੁਰੱਖਿਆ ਨੁਕਤੇ:

# ਰੁਜ਼ਗਾਰ ਅਦਾਰੇ

## ਇਸਤੋਂ ਪਹਿਲਾਂ ਕਿ ਤੁਸੀਂ ਪੜ੍ਹਨਾ ਜਾਰੀ ਰੱਖੋਂ...

**ਕੋਈ ਰੁਜ਼ਗਾਰ ਅਦਾਰਾ ਕੀ ਹੁੰਦਾ ਹੈ?**
ਇੱਕ ਰੁਜ਼ਗਾਰ ਅਦਾਰਾ ਫੀਸ ਲੈਕੇ ਰੁਜ਼ਗਾਰਦਾਤਾਵਾਂ ਨੂੰ ਕਰਮਚਾਰੀ ਅਤੇ ਨੌਕਰੀ ਲੱਭਣ ਵਾਲਿਆਂ ਨੂੰ ਕੰਮ ਲੱਭਣ ਵਿੱਚ ਮਦਦ ਕਰਦਾ ਹੈ।

**ਮੁਫ਼ਤ ਮਦਦ ਪ੍ਰਾਪਤ ਕਰੋ।**
ਇਹ ਸ਼ਹਿਰ ਨੌਕਰੀ ਲੱਭਣ ਵਾਲਿਆਂ ਲਈ ਮੁਫ਼ਤ ਮਦਦ ਦੀ ਪੇਸ਼ਕਸ਼ ਕਰਦਾ ਹੈ। **nyc.gov/workforce1** ਦੇਖੋ ਜਾਂ **311** ਨੂੰ ਕਾਲ ਕਰੋ ਅਤੇ ਇੱਕ **Workforce1 Career Center** ਲੱਭਣ ਲਈ ਪੁੱਛੋ।

**ਜੇ ਤੁਸੀਂ ਕੋਈ ਨੌਕਰੀ ਲੱਭਣ ਲਈ ਕਿਸੇ ਰੁਜ਼ਗਾਰ ਅਦਾਰੇ ਨਾਲ ਕੰਮ ਕਰਦੇ ਹੋ, ਤਾਂ ਤੁਹਾਡੀ ਮਦਦ ਕਰਨ ਵਾਸਤੇ ਏਥੇ ਕੁਝ ਨੁਕਤੇ ਦਿੱਤੇ ਜਾ ਰਹੇ ਹਨ।**

## ਆਮ ਨੁਕਤੇ

- **ਕਿਸੇ ਲਾਇਸੰਸਸ਼ੁਦਾ ਰੁਜ਼ਗਾਰ ਅਦਾਰੇ ਦੀ ਵਰਤੋਂ ਕਰੋ।** ਰੁਜ਼ਗਾਰ ਅਦਾਰਿਆ ਕੋਲ ਲਾਜ਼ਮੀ ਤੌਰ 'ਤੇ ਇੱਕ ਖਪਤਕਾਰ ਮਾਮਲਿਆਂ ਲਈ ਵਿਭਾਗ (DCA) ਦਾ ਲਾਇਸੰਸ ਹੋਣਾ ਚਾਹੀਦਾ ਹੈ।

  ਲਾਇਸੰਸ ਅਤੇ ਸ਼ਿਕਾਇਤ ਇਤਿਹਾਸ ਦੀ ਜਾਂਚ ਕਰਨ ਵਾਸਤੇ nyc.gov/dca ਦੇਖੋ ਜਾਂ **311 'ਤੇ ਕਾਲ ਕਰੋ।**

  **ਮਹੱਤਵਪੂਰਨ**

  - ਰੁਜ਼ਗਾਰ ਅਦਾਰੇ ਤੁਹਾਡੇ ਕੋਲੋਂ ਹੋਰ ਸੇਵਾਵਾਂ ਵਾਸਤੇ ਖਰਚਾ ਨਹੀਂ ਲੈ ਸਕਦੇ ਜਿਵੇਂ ਕਿ ਸਿਖਲਾਈ ਲਈ ਜਮਾਤਾਂ ਜਾਂ ਪ੍ਰਮਾਣਿਕਤਾਵਾਂ।
  - ਕੀ ਤੁਸੀਂ ਕਿਸੇ ਸੁਰੱਖਿਆ ਸਿਖਲਾਈ ਸਕੂਲ ਵਿੱਚ ਹੋ? ਇਹ ਲਾਜ਼ਮੀ ਤੌਰ 'ਤੇ ਨਿਊ ਯਾਰਕ ਸਟੇਟ ਡਿਵੀਜ਼ਨ ਆਫ ਕ੍ਰਿਮੀਨਲ ਜਸਟਿਸ ਸਰਵਿਸਜ ਕੋਲ ਪੰਜੀਕਿਰਤ ਹੋਣਾ ਚਾਹੀਦਾ ਹੈ।
  - ਕੀ ਤੁਸੀਂ ਕਿਸੇ ਬਾਰਟੈਂਡਿੰਗ ਸਕੂਲ ਵਿੱਚ ਹੋ? ਨਿਊ ਯਾਰਕ ਸਟੇਟ ਬਿਊਰੋ ਆਫ ਪ੍ਰੋਪਰਾਈਟਰੀ ਸਕੂਲ ਸੁਪਰਵਿਜ਼ਨ (New York State Bureau of Proprietary School Supervision) ਬਾਰਟੈਂਡਿੰਗ ਸਕੂਲਾਂ ਦੀ ਨਿਗਰਾਨੀ ਕਰਦਾ ਹੈ।

- **ਉਹਨਾਂ ਰੁਜ਼ਗਾਰ ਅਦਾਰਿਆਂ ਦੀ ਵਰਤੋਂ ਨਾ ਕਰੋ ਜੋ ਨੌਕਰੀਆਂ ਦੀ "ਗਰੰਟੀ" ਦਿੰਦੇ ਹਨ।** ਰੁਜ਼ਗਾਰ ਅਦਾਰੇ ਇਸ ਚੀਜ਼ ਦੀ ਗਰੰਟੀ ਨਹੀਂ ਦੇ ਸਕਦੇ ਕਿ ਉਹ ਤੁਹਾਡੇ ਲਈ ਨੌਕਰੀ ਲੱਭ ਦੇਣਗੇ। ਅਦਾਰੇ ਕੇਵਲ ਤੁਹਾਨੂੰ ਅਜਿਹੀਆਂ ਨੌਕਰੀਆਂ ਵੱਲ ਭੇਜ ਸਕਦੇ ਹਨ ਜੋ ਉਪਲਬਧ ਹਨ ਅਤੇ ਜੋ ਘੱਟੋ ਘੱਟ ਨਿਊਨਤਮ ਉਜਰਤ ਦਿੰਦੀਆਂ ਹਨ।

  ਨਿਊਨਤਮ ਉਜਰਤ ਨਿਊ ਯਾਰਕ ਪ੍ਰਾਂਤ ਅਤੇ ਸੰਘੀ ਕਨੂੰਨ ਦੁਆਰਾ ਤੈਅ ਕੀਤੀ ਜਾਂਦੀ ਹੈ। ਨਿਊ ਯਾਰਕ ਪ੍ਰਾਂਤ ਦੀ ਨਿਊਨਤਮ ਉਜਰਤ ਵਾਸਤੇ labor.state.ny.us ਦੇਖੋ।

- **ਇਸ ਬਾਰੇ ਜਾਣੋ ਕਿ ਰੁਜ਼ਗਾਰ ਅਦਾਰੇ ਦੀਆਂ ਫੀਸਾਂ ਕਿਸ ਤਰ੍ਹਾਂ ਕੰਮ ਕਰਦੀਆਂ ਹਨ।** ਜ਼ਿਆਦਾਤਰ ਕਿਸਮਾਂ ਦੇ ਕੰਮ ਵਾਸਤੇ ਰੁਜ਼ਗਾਰ ਅਦਾਰੇ ਪੇਸ਼ਗੀ ਫੀਸਾਂ ਨਹੀਂ ਲੈ ਸਕਦੇ। ਉਹ ਇੱਕ ਅਰਜ਼ੀ ਫੀਸ ਜਾਂ ਇੰਟਰਵਿਊ ਫੀਸ ਨਹੀਂ ਲੈ ਸਕਦੇ।

  ਅਦਾਰੇ ਕੇਵਲ ਤੁਹਾਨੂੰ ਕਿਸੇ ਨੌਕਰੀ 'ਤੇ ਲਗਾਉਣ ਲਈ ਫੀਸ ਲੈ ਸਕਦੇ ਹਨ। ਫੀਸ ਕਨੂੰਨ ਵੱਲੋਂ ਤੈਅ ਕੀਤੀ ਅਧਿਕਤਮ ਰਕਮ ਨਾਲੋਂ ਜ਼ਿਆਦਾ ਨਹੀਂ ਹੋ ਸਕਦੀ।

  ਰੁਜ਼ਗਾਰ ਅਦਾਰੇ ਦੇ ਕਨੂੰਨਾਂ ਅਤੇ ਨਿਯਮਾਂ ਵਾਸਤੇ nyc.gov/dca ਦੇਖੋ ਜਿੱਥੇ ਫੀਸ ਬਾਰੇ ਜਾਣਕਾਰੀ ਦਿੱਤੀ ਗਈ ਹੈ।

  ਅਦਾਰੇ ਕੇਵਲ ਇਹਨਾਂ ਕਿਸਮਾਂ ਦੇ ਵਰਕਰਾਂ ਵਾਸਤੇ ਪੇਸ਼ਗੀ ਫੀਸਾਂ ਲੈ ਸਕਦੇ ਹਨ:

  - ਘਰੇਲੂ
  - ਘਰ-ਪਰਿਵਾਰ
  - ਹੱਥੀਂ ਮਜ਼ਦੂਰੀ
  - ਖੇਤੀਬਾੜੀ
  - ਹੁਨਰਮੰਦ ਉਦਯੋਗਿਕ
  - ਮਕੈਨਿਕ

  ਪੇਸ਼ਗੀ ਫੀਸ ਲਾਜ਼ਮੀ ਤੌਰ 'ਤੇ ਅੰਤਿਮ ਫੀਸ ਵਿੱਚ ਜਾਣੀ ਚਾਹੀਦੀ ਹੈ।

  ਤੁਹਾਨੂੰ ਤੁਹਾਡੀ ਪੇਸ਼ਗੀ ਫੀਸ ਦੀ ਪੂਰੀ ਭੁਗਤਾਨ-ਵਾਪਸੀ ਲੈਣ ਦਾ ਹੱਕ ਹੈ ਜੇ:

  - ਅਦਾਰਾ ਤੁਹਾਡੇ ਵਾਸਤੇ ਕੋਈ ਨੌਕਰੀ ਨਹੀਂ ਲੱਭਦਾ। ਜਾਂ
  - ਤੁਸੀਂ ਨੌਕਰੀ ਦੀ ਪੇਸ਼ਕਸ਼ ਸਵੀਕਾਰ ਨਹੀਂ ਕਰਦੇ। ਜਾਂ
  - ਅਦਾਰੇ ਵੱਲੋਂ ਤੁਹਾਡੇ ਲਈ ਕੋਈ ਨੌਕਰੀ ਲੱਭਣ ਤੋਂ ਪਹਿਲਾਂ ਹੀ ਤੁਸੀਂ ਉਹਨਾਂ ਨਾਲ ਕੰਮ ਕਰਨਾ ਬੰਦ ਕਰਨ ਦਾ ਫੈਸਲਾ ਕਰਦੇ ਹੋ।

- **ਇੱਕ ਸਟੀਕ, ਲਿਖਤੀ ਇਕਰਾਰਨਾਮੇ ਦੀ ਮੰਗ ਕਰੋ।** ਤੁਹਾਡੇ ਵੱਲੋਂ ਦਸਤਖਤ ਕਰਨ ਤੋਂ ਪਹਿਲਾਂ, ਅਦਾਰਿਆਂ ਨੂੰ ਲਾਜ਼ਮੀ ਤੌਰ 'ਤੇ ਤੁਹਾਨੂੰ ਇੱਕ ਪੂਰਾ ਇਕਰਾਰਨਾਮਾ ਦੇਣਾ ਚਾਹੀਦਾ ਹੈ। ਤੁਹਾਡੇ ਇਕਰਾਰਨਾਮੇ ਵਿੱਚ ਇਹ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ:
  - ਨਾਮ, ਪਤਾ, ਅਤੇ ਅਦਾਰੇ ਦਾ DCA ਲਾਇਸੰਸ ਨੰਬਰ
  - ਕੰਮ ਦੀ ਕਿਸਮ
  - ਕੀਮਤ
  - ਫੀਸ ਦੇ ਭੁਗਤਾਨ ਦਾ ਕਾਰਜ-ਕ੍ਰਮ

  ਯਕੀਨੀ ਬਣਾਓ ਕਿ ਲਿਖਤੀ ਸਮਝੌਤਾ ਤੁਹਾਡੇ ਜ਼ੁਬਾਨੀ ਸਮਝੌਤੇ ਨਾਲ ਮੇਲ਼ ਖਾਂਦਾ ਹੋਵੇ।

  ਦਸਤਖਤ ਕਰਨ ਤੋਂ ਪਹਿਲਾਂ, ਅਦਾਰੇ ਨੂੰ ਤੁਹਾਡੇ ਸਾਰੇ ਸਵਾਲਾਂ ਦਾ ਜਵਾਬ ਲਿਖਤੀ ਰੂਪ ਵਿੱਚ ਦੇਣ ਦਿਓ।

  ਅਦਾਰੇ ਨੂੰ ਲਾਜ਼ਮੀ ਤੌਰ 'ਤੇ ਤੁਹਾਨੂੰ ਇਕਰਾਰਨਾਮੇ ਦੀ ਇੱਕ ਨਕਲ ਅਤੇ ਹਰੇਕ ਭੁਗਤਾਨ ਵਾਸਤੇ ਰਸੀਦ ਦੇਣੀ ਚਾਹੀਦੀ ਹੈ। ਸਾਰੀਆਂ ਨਕਲਾਂ ਨੂੰ ਇੱਕ ਸੁਰੱਖਿਅਤ ਸਥਾਨ 'ਤੇ ਰੱਖੋ।

- **ਗੈਰ–ਕਨੂੰਨੀ ਸਵਾਲਾਂ ਦਾ ਜਵਾਬ ਨਾ ਦਿਓ।** ਜਦ ਤੱਕ ਇਹ ਨੌਕਰੀ ਲਈ ਵੈਧ ਯੋਗਤਾਵਾਂ ਨਾ ਹੋਣ, ਕਿਸੇ ਰੁਜ਼ਗਾਰਦਾਤਾ ਜਾਂ ਅਦਾਰੇ ਵਾਸਤੇ ਨਿਮਨਲਿਖਤ ਬਾਰੇ ਸਵਾਲ ਪੁੱਛਣਾ ਗੈਰ-ਕਨੂੰਨੀ ਹੈ:
  - ਉਮਰ
  - ਨਸਲ
  - ਜਾਤੀ
  - ਧਰਮ
  - ਰੰਗ
  - ਕੌਮੀ ਮੂਲ
  - ਲਿੰਗ
  - ਅਪੰਗਤਾ
  - ਵਿਵਾਹਕ ਅਵਸਥਾ
  - ਭਾਈਵਾਲੀ ਦੀ ਅਵਸਥਾ
  - ਸੰਭਾਲਕਰਤਾ ਅਵਸਥਾ
  - ਜਿਨਸੀ ਝੁਕਾਓ
  - ਪ੍ਰਵਾਸੀਪਣ ਜਾਂ ਨਾਗਰਿਕਤਾ ਦੀ ਅਵਸਥਾ

- **DCA ਕੋਲ ਸ਼ਿਕਾਇਤ ਦਾਇਰ ਕਰੋ।** DCA ਕੋਲ ਔਨਲਾਈਨ nyc.gov/dca 'ਤੇ ਸ਼ਿਕਾਇਤ ਦਾਇਰ ਕਰਵਾਓ ਜਾਂ ਫਿਰ ਆਪਣੀ ਭਾਸ਼ਾ ਵਿੱਚ ਸ਼ਿਕਾਇਤ ਦਾਇਰ ਕਰਵਾਉਣ ਲਈ 311 ਨਾਲ ਸੰਪਰਕ ਕਰੋ। ਸ਼ਿਕਾਇਤ ਕਰਨ ਵਾਸਤੇ ਤੁਹਾਨੂੰ ਆਪਣਾ ਨਾਮ ਜਾਂ ਤੁਹਾਡੇ ਪ੍ਰਵਾਸੀ ਦਰਜੇ ਬਾਰੇ ਦੱਸਣ ਦੀ ਲੋੜ ਨਹੀਂ ਹੈ। ਨੋਟ: ਜੇ ਤੁਸੀਂ ਚਾਹੁੰਦੇ ਹੋ ਕਿ DCA ਤੁਹਾਡੇ ਨਾਲ ਸੰਪਰਕ ਕਰੇ, ਤਾਂ ਤੁਹਾਡੇ ਲਈ ਆਪਣਾ ਨਾਮ ਅਤੇ ਪਤਾ ਪ੍ਰਦਾਨ ਕਰਾਉਣਾ ਲਾਜ਼ਮੀ ਹੈ।

# ਇਹਨਾਂ ਤੋਂ ਬਚੋ...

## ਸ਼ਿਕਾਰੀ ਸਕੂਲ (PREDATORY SCHOOLS)

NYC ਵਿੱਚ ਮੁਨਾਫਾ ਕਮਾਉਣ ਵਾਲੇ ਸੈਂਕੜੇ ਸਕੂਲ ਹਨ। ਕੋਰਸਾਂ ਵਿੱਚ ਏਅਰ ਕੰਡੀਸ਼ਨਿੰਗ ਦੀ ਮੁਰੰਮਤ ਅਤੇ ਹਾਰ-ਸ਼ਿੰਗਾਰ ਵਿਗਿਆਨ ਤੋਂ ਲੈਕੇ ਡਾਕਟਰੀ ਤਕਨੀਸ਼ੀਅਨ ਦੀ ਸਿਖਲਾਈ ਤੱਕ ਸ਼ਾਮਲ ਹੁੰਦੇ ਹਨ। ਕਈ ਸਕੂਲ ਵਿਦਿਆਰਥੀਆਂ ਨੂੰ ਕੁਰਾਹੇ ਪਾਉਂਦੇ ਹਨ। ਉਹ ਇਹ ਕਰ ਸਕਦੇ ਹਨ:

- ਤੁਹਾਨੂੰ ਬਹੁਤ ਸਾਰੀ ਵਿੱਤੀ ਸਹਾਇਤਾ ਲੈਣ ਲਈ ਮਜ਼ਬੂਰ ਕਰ ਸਕਦੇ ਹਨ।
- ਤੁਹਾਡੇ ਗਰੈਜੂਏਟ ਹੋਣ ਦੇ ਬਾਅਦ ਤੁਹਾਨੂੰ ਨੌਕਰੀ ਦੀ "ਗਰੰਟੀ" ਦਿੰਦੇ ਹਨ।
- ਤੁਹਾਡੀ ਡਿਗਰੀ ਦੀ ਅਹਿਮੀਅਤ ਬਾਰੇ ਤੁਹਾਨੂੰ ਝੂਠ ਬੋਲਦੇ ਹਨ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਕੀ ਤੁਹਾਡੇ ਕਰੈਡਿਟ ਕਿਸੇ ਹੋਰ ਸਕੂਲ ਕੋਲ ਤਬਦੀਲ ਹੋ ਜਾਣਗੇ।

*ਯਾਦ ਰੱਖੋ:*

- ਵਿੱਤੀ ਸਹਾਇਤਾ ਅਕਸਰ ਇੱਕ ਕਰਜ਼ਾ ਹੁੰਦਾ ਹੈ ਜਿਸਨੂੰ ਤੁਹਾਡੇ ਲਈ ਵਾਪਸ ਕਰਨਾ ਲਾਜ਼ਮੀ ਹੈ। ਇਹ ਕੋਈ ਵਜ਼ੀਫਾ ਨਹੀਂ ਹੈ।
- ਬਹੁਤ ਸਾਰੇ ਸਕੂਲਾਂ ਬਾਰੇ ਪੁੱਛ-ਪੜਤਾਲ ਕਰੋ।
- ਉਸੇ ਦਿਨ ਸਾਈਨ ਅੱਪ ਨਾ ਕਰੋ ਜਿਸ ਦਿਨ ਤੁਸੀਂ ਕਿਸੇ ਸਕੂਲ ਵਿਖੇ ਜਾਂਦੇ ਹੋ।
- ਸਕੂਲ ਦੀ ਟਿਊਸ਼ਨ ਰੱਦਕਰਨ ਨੀਤੀ ਲਿਖਤੀ ਰੂਪ ਵਿੱਚ ਹਾਸਲ ਕਰੋ।

ਕਿਸੇ ਉਚੇਰੀ ਸਿੱਖਿਆ ਦੇ ਸਕੂਲ ਖਿਲਾਫ ਸ਼ਿਕਾਇਤ ਦਾਇਰ ਕਰਨ ਲਈ **311 ਨੂੰ ਕਾਲ ਕਰੋ।**

## ਮੁਫ਼ਤ ਮਦਦ

- nyc.gov/workforce1 ਦੇਖੋ ਜਾਂ 311 ਨੂੰ ਕਾਲ ਕਰੋ ਅਤੇ ਇੱਕ ਮੁਫ਼ਤ Workforce1 Career Center ਲੱਭਣ ਲਈ ਪੁੱਛੋ।
- nyc.gov ਦੇਖੋ ਜਾਂ 311 ਨੂੰ ਕਾਲ ਕਰੋ ਅਤੇ ਮੁਫ਼ਤ ਅਤੇ ਘੱਟ-ਲਾਗਤ ਵਾਲੇ ਬਾਲਗ ਸਿੱਖਿਆ ਪ੍ਰੋਗਰਾਮਾਂ ਬਾਰੇ ਪੁੱਛੋ।

### ਮਹੱਤਵਪੂਰਨ

- ਸਿੱਧੀਆਂ ਸਮਾਜਕ ਸੇਵਾਵਾਂ ਪ੍ਰਦਾਨ ਕਰਨ ਵਾਲੇ ਸ਼ਹਿਰੀ ਅਦਾਰਿਆਂ ਲਈ ਤੁਹਾਡੀ ਪਹਿਲੀ ਭਾਸ਼ਾ ਵਿੱਚ ਦੁਭਾਸ਼ੀਆ ਅਤੇ ਅਨੁਵਾਦ ਸੇਵਾਵਾਂ ਦਾ ਇੰਤਜ਼ਾਮ ਕਰਨਾ ਲਾਜ਼ਮੀ ਹੈ।
- ਸ਼ਹਿਰ ਦੇ ਅਦਾਰੇ ਤਦ ਤੱਕ ਪ੍ਰਵਾਸ ਦੇ ਦਰਜੇ ਬਾਰੇ ਨਹੀਂ ਪੁੱਛ ਸਕਦੇ ਜਦ ਤੱਕ ਕਿਸੇ ਲਾਭ ਜਾਂ ਸੇਵਾ ਵਾਸਤੇ ਯੋਗਤਾ ਦਾ ਨਿਰਣਾ ਕਰਨ ਲਈ ਅਜਿਹਾ ਕਰਨਾ ਜ਼ਰੂਰੀ ਨਹੀਂ ਹੁੰਦਾ।

## ਹੋਰ ਸਰੋਤ

- ਪ੍ਰਵਾਸੀਆਂ ਵਾਸਤੇ ਖਪਤਕਾਰ ਸੁਰੱਖਿਆ ਸਬੰਧੀ ਹੋਰ ਨੁਕਤੇ ਪੜ੍ਹੋ:
  - ਵਿੱਤ
  - ਪ੍ਰਵਾਸ ਸਹਾਇਤਾ ਸੇਵਾਵਾਂ
  - ਟੈਕਸ ਦੀ ਤਿਆਰੀ
- ਵਧੇਰੇ ਜਾਣਕਾਰੀ ਵਾਸਤੇ nyc.gov/dca ਦੇਖੋ, ਜਿਸ ਵਿੱਚ ਇਹ ਵੀ ਸ਼ਾਮਲ ਹੈ:
  - ਜੌਬ ਹੰਟਰ'ਜ ਬਿੱਲ ਆਫ ਰਾਈਟਸ
  - ਕਰਮਚਾਰੀ ਅਧਿਕਾਰਾਂ ਅਤੇ ਰੁਜ਼ਗਾਰਦਾਤਾ ਦੀਆਂ ਜ਼ਿੰਮੇਵਾਰੀਆਂ ਦਾ ਬਿਆਨ (ਦੇਸੀ ਜਾਂ ਘਰੇਲੂ ਕਰਮਚਾਰੀ)
  - NYC ਪੇਡ ਸਿੱਕ ਲੀਵ ਲਾਅ
  - NYC ਕਮਿਊਟਰ ਬੈਨੀਫਿਟਸ ਲਾਅ
- ਮੇਅਰਜ ਆਫਿਸ ਆਫ ਇਮੀਗਰਾਂਟ ਅਫੇਅਰਜ (MOIA): ਪ੍ਰਵਾਸੀ ਕਾਮਿਆਂ ਅਤੇ ਨੌਕਰੀਆਂ ਅਤੇ ਕੰਮ ਬਾਰੇ ਜਾਣਕਾਰੀ ਵਾਸਤੇ nyc.gov/immigrants ਦੇਖੋ।
- ਛੋਟੇ ਕਾਰੋਬਾਰ ਲਈ ਸੇਵਾਵਾਂ (Small Business Services) (SBS): ਨੌਕਰੀ ਲੱਭਣ ਵਾਲਿਆਂ ਲਈ ਮਦਦ ਵਾਸਤੇ nyc.gov/sbs ਦੇਖੋ।
- ਮਨੁੱਖੀ ਅਧਿਕਾਰ ਕਮਿਸ਼ਨ (Human Rights Commission): ਭੇਦਭਾਵ ਬਾਰੇ ਕੋਈ ਸ਼ਿਕਾਇਤ ਦਾਇਰ ਕਰਨ ਲਈ nyc.gov/humanrights ਦੇਖੋ ਜਾਂ 311 ਨੂੰ ਸੰਪਰਕ ਕਰੋ। ਪੜ੍ਹੋ *Immigrants & NYC Human Rights at Work and at Home*।

# ਪ੍ਰਵਾਸੀਆਂ ਵਾਸਤੇ ਖਪਤਕਾਰ ਸੁਰੱਖਿਆ ਨੁਕਤੇ:
# ਵਿੱਤ

## ਆਮ ਨੁਕਤੇ

- **ਇੱਕ ਬੈਂਕ ਜਾਂ ਕਰੈਡਿਟ ਯੂਨੀਅਨ ਖਾਤਾ ਖੋਲ੍ਹੋ।** ਇਹ ਸ਼ਹਿਰ ਸੁਰੱਖਿਅਤ ਅਤੇ ਪੁੱਗਣਯੋਗ ਚੈਕਿੰਗ ਅਤੇ ਬੱਚਤ ਖਾਤਿਆਂ ਦੀ ਪੇਸ਼ਕਸ਼ ਕਰਦਾ ਹੈ। ਇਹਨਾਂ ਪ੍ਰੋਗਰਾਮਾਂ ਵਿੱਚ ਸ਼ਾਮਲ ਹਨ:
    - **NYC ਡਾਇਰੈਕਟ ਡਿਪੋਜ਼ਿਟ:** ਜੇ ਤੁਸੀਂ ਆਪਣੀ ਤਨਖਾਹ ਦੇ ਚੈੱਕ ਨੂੰ ਸਿੱਧਾ ਜਮ੍ਹਾਂ ਕਰਦੇ ਹੋ ਤਾਂ ਤੁਸੀਂ ਇੱਕ ਮੁਫ਼ਤ ਚੈਕਿੰਗ ਖਾਤਾ ਖੋਲ੍ਹ ਸਕਦੇ ਹੋ। ਇਸ ਖਾਤੇ ਦੀ ਕੋਈ ਮਾਸਿਕ ਫੀਸ ਨਹੀਂ ਹੁੰਦੀ; ਡੈਬਿਟ ਕਾਰਡ ਖਰੀਦਾਂ ਜਾਂ ATM ਰਾਹੀਂ ਪੈਸੇ ਕਢਵਾਉਣ ਲਈ ਕੋਈ ਓਵਰਡਰਾਫਟ ਵਿਕਲਪ ਨਹੀਂ ਹੁੰਦਾ; ਕੁਝ ਵੀ ਨਹੀਂ ਜਾਂ ਘੱਟ ਨਿਊਨਤਮ ਬਕਾਇਆ ਰੱਖਣ ਦੀਆਂ ਲੋੜਾਂ; ਮੁਫ਼ਤ ਔਨਲਾਈਨ ਬੈਂਕਿੰਗ ਅਤੇ ਬਿੱਲ ਭੁਗਤਾਨ; ਨੈੱਟਵਰਕ ਵਿਚਲੇ ATM ਤੋਂ ਮੁਫ਼ਤ ਵਿੱਚ ਪੈਸੇ ਕਢਵਾਉਣ ਦੀ ਸੁਵਿਧਾ।
    - **NYC SafeStart ਖਾਤਾ:** ਤੁਸੀਂ ਇੱਕ ਸ਼ੁਰੂਆਤੀ ਬੱਚਤਾਂ ਖਾਤਾ ਖੋਲ੍ਹ ਸਕਦੇ ਹੋ। ਇਸ ਖਾਤੇ ਵਿੱਚ ਕੋਈ ਓਵਰਡਰਾਫਟ ਫੀਸਾਂ ਨਹੀਂ ਹੁੰਦੀਆਂ; ਜੇ ਤੁਸੀਂ ਨਿਊਨਤਮ ਬਕਾਇਆਂ ਦੀ ਪੂਰਤੀ ਕਰਦੇ ਹੋ ਤਾਂ ਕੋਈ ਮਾਸਿਕ ਫੀਸਾਂ ਨਹੀਂ ਹੁੰਦੀਆਂ; ਘੱਟੋ ਘੱਟ $25 ਜਾਂ ਇਸ ਤੋਂ ਵੀ ਘੱਟ ਨਿਊਨਤਮ ਬਕਾਇਆ ਰੱਖਣ ਦੀਆਂ ਲੋੜਾਂ, ਜੋ ਵਿੱਤੀ ਸੰਸਥਾ 'ਤੇ ਨਿਰਭਰ ਕਰਦਾ ਹੈ; ATM ਕਾਰਡ ਜਾਂ ਡੈਬਿਟ ਕਾਰਡ।

  NYC ਡਾਇਰੈਕਟ ਡਿਪੋਜ਼ਿਟ ਜਾਂ NYC SafeStart ਖਾਤੇ ਬਾਰੇ ਵਧੇਰੇ ਜਾਣਕਾਰੀ ਵਾਸਤੇ nyc.gov/dca ਦੇਖੋ ਜਾਂ 311 ਨੂੰ ਕਾਲ ਕਰੋ।

  IDNYC ਨਾਲ ਭਾਗੀਦਾਰੀ ਕਰਨ ਵਾਲੀਆਂ ਬੈਂਕਾਂ ਜਾਂ ਕਰੈਡਿਟ ਯੂਨੀਅਨਾਂ ਵਿੱਚੋਂ ਕਿਸੇ ਇੱਕ ਵਿਖੇ ਤੁਸੀਂ **IDNYC** ਦੀ ਵਰਤੋਂ ਇੱਕ ਚੈਕਿੰਗ ਜਾਂ ਬੱਚਤਾਂ ਖਾਤੇ ਨੂੰ ਖੋਲ੍ਹਣ ਲਈ ਕਰ ਸਕਦੇ ਹੋ। ਸ਼ਾਖਾ ਦੇ ਟਿਕਾਣਿਆਂ ਵਾਸਤੇ **nyc.gov/idnyc** ਦੇਖੋ ਜਾਂ **311** ਨਾਲ ਸੰਪਰਕ ਕਰੋ।

  ਕਿਸੇ ਸੁਰੱਖਿਅਤ, ਪੁੱਗਣਯੋਗ ਚੈਕਿੰਗ ਖਾਤੇ ਵਿੱਚ ਕੀ ਦੇਖਿਆ ਜਾਵੇ, ਇਸ ਲਈ ਪੰਨਾ 9 ਦੇਖੋ।

- **ਮਨੀ ਟ੍ਰਾਂਸਫਰ ਏਜੰਟ ਹਮੇਸ਼ਾ ਸਭ ਤੋਂ ਸਸਤਾ ਵਿਕਲਪ ਨਹੀਂ ਹੁੰਦੇ, ਇਸ ਲਈ ਕੀਮਤਾਂ ਦੀ ਤੁਲਨਾ ਕਰੋ।** ਘਰ ਵਿੱਚ ਪੈਸੇ ਭੇਜਣ ਦੇ ਸਭ ਤੋਂ ਵਧੀਆ ਤਰੀਕੇ ਨੂੰ ਲੱਭਣ ਲਈ ਵਿੱਤੀ ਸੰਸਥਾਵਾਂ, ਪੈਸੇ ਤਬਦੀਲ ਵਾਲੀਆਂ ਕੰਪਨੀਆਂ/ਏਜੰਟਾਂ, ਅਤੇ ਔਨਲਾਈਨ ਪੈਸੇ ਤਬਦੀਲ ਕਰਨ ਵਾਲੀਆਂ ਸੇਵਾਵਾਂ ਵਿਚਕਾਰ ਕੀਮਤਾਂ ਬਾਰੇ ਪੁੱਛ-ਪੜਤਾਲ ਕਰੋ। ਫੀਸ ਅਤੇ ਵਟਾਂਦਰਾ ਦਰ 'ਤੇ ਨਜ਼ਰ ਮਾਰੋ, ਅਤੇ ਨਾਲ ਹੀ ਇਹ ਦੇਖੋ ਕਿ ਪਰਿਵਾਰ ਨੂੰ ਪੈਸੇ ਕਿਵੇਂ ਅਤੇ ਕਿੱਥੇ ਮਿਲਣਗੇ।
- **ਰੈਂਟ-ਟੂ-ਆਊਨ ਕਾਰੋਬਾਰਾਂ ਤੋਂ ਬਚੋ।** ਘਰੇਲੂ ਚੀਜ਼ਾਂ ਖਰੀਦਣ ਲਈ ਰੈਂਟ-ਟੂ-ਆਊਨ ਕਾਰੋਬਾਰਾਂ ਦੀ ਵਰਤੋਂ ਕਰਨਾ ਬਹੁਤ ਖਰਚੀਲਾ ਹੈ। ਔਸਤਨ, ਜਿਹੜੇ ਗਾਹਕ ਚੀਜ਼ਾਂ ਦੇ ਮਾਲਕ ਬਣਨ ਲਈ ਉਹਨਾਂ ਨੂੰ ਲੰਬੇ ਸਮੇਂ ਵਾਸਤੇ ਕਿਰਾਏ 'ਤੇ ਰੱਖਦੇ ਹਨ, ਉਹ ਸੂਚੀਬੱਧ ਨਕਦ ਕੀਮਤ ਉੱਤੇ 70 ਪ੍ਰਤੀਸ਼ਤ ਸਾਲਾਨਾ ਪ੍ਰਤੀਸ਼ਤ ਦਰ (APR) ਦਾ ਭੁਗਤਾਨ ਕਰਦੇ ਹਨ। ਇਹ ਕਾਰੋਬਾਰ ਕੀਮਤਾਂ ਨੂੰ ਜ਼ਿਆਦਾ ਘੱਟ ਨਹੀਂ ਕਰਦੇ। ਸਭ ਤੋਂ ਵਧੀਆ ਪੇਸ਼ਕਸ਼ ਵਾਸਤੇ ਇੱਧਰ-ਉੱਧਰ ਪਤਾ ਕਰੋ।
- **ਪ੍ਰੀਪੇਡ ਡੈਬਿਟ ਕਾਰਡਾਂ ਤੋਂ ਸੁਚੇਤ ਰਹੋ।** ਇੱਕ ਪ੍ਰੀਪੇਡ ਡੈਬਿਟ ਕਾਰਡ ਤੁਹਾਨੂੰ ਇੱਕ ਬਜਟ ਦੇ ਅੰਦਰ ਰਹਿਣ ਵਿੱਚ ਮਦਦ ਕਰ ਸਕਦਾ ਹੈ, ਪਰ ਇਸਦੀਆਂ ਲੁਕਵੀਆਂ ਫੀਸਾਂ ਤੋਂ ਸੁਚੇਤ ਰਹੋ।
- **ਨਿਊ ਯਾਰਕ ਵਿੱਚ ਪੇ-ਡੇਅ ਕਰਜ਼ੇ ਗੈਰ-ਕਨੂੰਨੀ ਹਨ।** ਇੱਕ ਪੇ-ਡੇਅ ਕਰਜ਼ਾ ਇੱਕ ਛੋਟੀ-ਮਿਆਦ ਦਾ ਕਰਜ਼ਾ ਹੁੰਦਾ ਹੈ ਜੋ ਆਮ ਤੌਰ 'ਤੇ ਤੁਹਾਡੀ ਅਗਲੀ ਤਨਖਾਹ ਵਾਲੇ ਦਿਨ ਦੇਣਯੋਗ ਹੁੰਦਾ ਹੈ। ਉਧਾਰ ਲੈਣ ਵਾਲੇ ਬਹੁਤ ਉੱਚੀਆਂ ਫੀਸਾਂ ਅਤੇ ਵਿਆਜ ਦਰਾਂ ਅਦਾ ਕਰਦੇ ਹਨ। ਜੇ ਤੁਹਾਨੂੰ ਕਿਸੇ ਪੇ-ਡੇਅ ਕਰਜ਼ੇ ਵਾਸਤੇ ਕੋਈ ਪੇਸ਼ਕਸ਼ ਪ੍ਰਾਪਤ ਹੁੰਦੀ ਹੈ, ਤਾਂ ਕਿਰਪਾ ਕਰਕੇ ਇਸਦੀ ਰਿਪੋਰਟ ਨਿਊ ਯਾਰਕ ਸਟੇਟ ਡਿਪਾਰਟਮੈਂਟ ਆਫ ਫਾਈਨੈਂਸ਼ੀਅਲ ਸਰਵਿਸਜ ਨੂੰ 1-800-342-3736 'ਤੇ ਕਾਲ ਕਰਕੇ ਜਾਂ dfs.ny.gov 'ਤੇ ਜਾਕੇ ਕਰੋ।

### ਮਹੱਤਵਪੂਰਨ

ਜੇ ਤੁਹਾਡੇ ਕੋਲ ਕਿਰਾਏ ਵਾਸਤੇ ਜਾਂ ਕਿਸੇ ਹੋਰ ਅਹਿਮ ਲੋੜ ਵਾਸਤੇ ਪੈਸੇ ਨਹੀਂ ਹਨ, ਤਾਂ ਵਿਚਾਰੇ ਜਾਣ ਲਈ ਏਥੇ ਕੁਝ ਵਿਕਲਪ ਦਿੱਤੇ ਗਏ ਹਨ:

- ਹਿਊਮਨ ਰਿਸੋਰਸਜ ਐਡਮਿਨਿਸਟ੍ਰੇਸ਼ਨ (HRA) ਦੇ ਸੰਕਟਕਾਲੀ ਸਹਾਇਤਾ ਪ੍ਰੋਗਰਾਮਾਂ ਬਾਰੇ ਹੋਰ ਜਾਣੋ, ਜਿੰਨ੍ਹਾਂ ਵਿੱਚ ਨਕਦ ਸਹਾਇਤਾ ਵੀ ਸ਼ਾਮਲ ਹੈ। ਵਧੇਰੇ ਜਾਣਨ ਲਈ 311 ਨੂੰ ਕਾਲ ਕਰੋ ਜਾਂ nyc.gov/hra ਦੇਖੋ।
- ਕਿਸੇ ਕਰੈਡਿਟ ਯੂਨੀਅਨ ਜਾਂ ਬੈਂਕ ਕੋਲੋਂ ਛੋਟੇ ਕਰਜ਼ੇ 'ਤੇ ਵਿਚਾਰ ਕਰੋ। ਨਿਊਨਤਮ ਵਿਆਜ਼ ਦਰ ਲੱਭਣ ਲਈ ਇੱਧਰ-ਉੱਧਰ ਪੁੱਛਣਾ ਯਕੀਨੀ ਬਣਾਓ।
- ਆਪਣੇ ਰੁਜ਼ਗਾਰਦਾਤਾ ਨੂੰ ਪੇ-ਰੋਲ ਪੇਸ਼ਗੀ ਵਾਸਤੇ ਪੁੱਛੋ। ਲਿਖਤੀ ਨੀਤੀ ਪੜ੍ਹੋ। ਯਕੀਨੀ ਬਣਾਓ ਕਿ ਕੋਈ ਵੀ ਫੀਸਾਂ ਵਾਜਬ ਹਨ।
- ਪਰਿਵਾਰ ਜਾਂ ਦੋਸਤਾਂ ਨੂੰ ਕਿਸੇ ਛੋਟੇ ਕਰਜ਼ੇ ਬਾਰੇ ਪੁੱਛੋ।
- ਤੁਹਾਡੇ ਕਰੈਡਿਟ ਕਾਰਡ ਪ੍ਰਦਾਨਕ ਕੋਲੋਂ ਕਈ ਵਾਰ ਇੱਕ ਨਕਦ ਪੇਸ਼ਗੀ ਉਪਲਬਧ ਹੁੰਦੀ ਹੈ। ਹੋ ਸਕਦਾ ਹੈ ਇਸਦੀ ਵਿਆਜ਼ ਦਰ ਕਿਸੇ ਕਰੈਡਿਟ ਯੂਨੀਅਨ ਜਾਂ ਬੈਂਕ ਕਰਜ਼ੇ ਨਾਲੋਂ ਜ਼ਿਆਦਾ ਹੋਵੇ। ਸਾਰੀਆਂ ਲਾਗਤਾਂ ਦੀ ਤੁਲਨਾ ਕਰਨਾ ਯਕੀਨੀ ਬਣਾਓ।

- **ਚੈੱਕ ਕੈਸ਼ਰਾਂ ਤੋਂ ਬਚੋ।** ਇੱਕ ਚੈੱਕ ਕੈਸ਼ਰ ਦੀ ਵਰਤੋਂ ਕਰਨ ਦੀ ਲਾਗਤ ਔਸਤਨ ਹਰ ਸਾਲ $475 ਤੱਕ ਦੀ ਫੀਸ ਹੋ ਸਕਦੀ ਹੈ। ਸੁਰੱਖਿਅਤ ਅਤੇ ਪੁੱਗਣਯੋਗ ਬੈਂਕ ਅਤੇ ਕਰੈਡਿਟ ਯੂਨੀਅਨ ਖਾਤੇ ਚੈੱਕ ਕੈਸ਼ਰਾਂ ਦੀ ਵਰਤੋਂ ਕਰਨ ਨਾਲੋਂ ਘੱਟ ਖਰਚੀਲੇ ਹਨ।
- **ਆਪਣੇ ਕਰਜ਼ੇ 'ਤੇ ਕੰਟਰੋਲ ਹਾਸਲ ਕਰੋ।** ਕਰਜ਼ਾ ਤੇਜ਼ੀ ਨਾਲ ਜਮ੍ਹਾਂ ਹੋ ਸਕਦਾ ਹੈ ਅਤੇ ਤੁਹਾਡੀ ਕਰੈਡਿਟ ਰਿਪੋਰਟ, ਕੋਈ ਅਪਾਰਟਮੈਂਟ ਕਿਰਾਏ 'ਤੇ ਲੈਣ ਜਾਂ ਕੋਈ ਘਰ, ਅਤੇ ਹੋਰ ਚੀਜ਼ਾਂ ਖਰੀਦਣ ਦੀ ਤੁਹਾਡੀ ਯੋਗਤਾ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਹ ਸ਼ਹਿਰ ਤੁਹਾਨੂੰ ਸ਼ਾਹੂਕਾਰਾਂ ਅਤੇ ਕਰਜ਼ ਵਸੂਲਣ ਵਾਲਿਆਂ ਨਾਲ ਨਿਪਟਣ ਵਿੱਚ, ਭੁਗਤਾਨਾਂ ਨੂੰ ਸੰਚਿਤ ਕਰਨ ਵਿੱਚ, ਅਤੇ ਇੱਕ ਭੁਗਤਾਨ ਯੋਜਨਾ ਬਣਾਉਣ ਵਿੱਚ ਮਦਦ ਕਰ ਸਕਦਾ ਹੈ। "ਮੁਫ਼ਤ ਮਦਦ" ਵੇਖੋ।

## ਕਿਸੇ ਸੁਰੱਖਿਅਤ, ਪੁੱਗਣਯੋਗ ਚੈਕਿੰਗ ਖਾਤੇ ਵਿੱਚ ਕੀ ਦੇਖਿਆ ਜਾਵੇ:

### ਕੁਝ ਵੀ ਨਹੀਂ ਜਾਂ ਘੱਟ ਫੀਸ

- ❑ ਮਾਸਿਕ ਸਾਂਭ-ਸੰਭਾਲ ਜਾਂ ਸੇਵਾ ਫੀਸ ਜੋ $3 ਜਾਂ ਇਸ ਤੋਂ ਘੱਟ ਹੈ
- ❑ ਨੈੱਟਵਰਕ ਵਿਚਲੇ ATMs ਦੀ ਮੁਫ਼ਤ ਵਰਤੋਂ
- ❑ ਡੈਬਿਟ ਕਾਰਡ ਦੀ ਵਰਤੋਂ ਕਰਨ ਲਈ ਕੋਈ ਫੀਸਾਂ ਨਹੀਂ
- ❑ ਡੈਬਿਟ ਕਾਰਡ 'ਤੇ ਕੀਤੀਆਂ ਖਰੀਦਾਂ ਜਾਂ or ATM ਵਿੱਚੋਂ ਪੈਸੇ ਕਢਵਾਉਣ ਲਈ ਕੋਈ ਓਵਰਡਰਾਫਟ ਚੋਣ ਨਹੀਂ

### ਨਿਊਨਤਮ ਰਕਮਾਂ ਅਤੇ ਲੈਣ-ਦੇਣ

- ❑ ਘੱਟ ਨਿਊਨਤਮ ਬਕਾਇਆ ਅਤੇ ਸ਼ੁਰੂਆਤੀ ਜਮ੍ਹਾਂ ਰਕਮ ਦੀਆਂ ਲੋੜਾਂ ($25 ਜਾਂ ਇਸ ਤੋਂ ਘੱਟ)
- ❑ ਖਾਤੇ ਦੇ ਬਕਾਏ ਦੀ ਮੁਫ਼ਤ ਵਿੱਚ ਜਾਂਚ ਕਰਨ ਦੇ ਕਈ ਤਰੀਕੇ (ਔਨਲਾਈਨ, ਫ਼ੋਨ, ਲਿਖਤੀ ਸੰਦੇਸ਼, ATM)
- ❑ ਵਾਜਬ ਲੈਣ-ਦੇਣ ਲੋੜਾਂ ਵਾਸਤੇ ਕੋਈ ਮਾਸਿਕ ਫੀਸ ਨਹੀਂ (ਉਦਾਹਰਨ ਲਈ, ਸਿੱਧਾ ਜਮ੍ਹਾਂ ਕਰਨਾ, ATM)

# ਇਹਨਾਂ ਤੋਂ ਬਚੋ...

## ਸ਼ਿਕਾਰੀ ਸ਼ਾਹੂਕਾਰੀ (PREDATORY LENDING)

- ਕਈ ਵਿੱਤੀ ਸੰਸਥਾਵਾਂ "ਨਾਗਰਿਕਤਾ" ਜਾਂ "ਪ੍ਰਵਾਸ" ਕਰਜ਼ਿਆਂ ਦੀ ਪੇਸ਼ਕਸ਼ ਕਰਦੀਆਂ ਹਨ। ਇਹ ਕਰਜ਼ੇ ਨਾਗਰਿਕਤਾ ਹਾਸਲ ਕਰਨ ਲਈ ਅਰਜ਼ੀ ਅਤੇ ਕਨੂੰਨੀ ਫੀਸਾਂ ਦੀ ਲਾਗਤ ਕਵਰ ਕਰਨ ਵਿੱਚ ਮਦਦ ਕਰਨ ਲਈ ਬਣੇ ਹਨ। ਜੇ ਤੁਸੀਂ ਇਸ ਕਿਸਮ ਦੇ ਕਰਜ਼ੇ 'ਤੇ ਵਿਚਾਰ ਕਰ ਰਹੇ ਹੋ, ਤਾਂ ਕਈ ਬੈਂਕਾਂ ਅਤੇ ਕਰੈਡਿਟ ਯੂਨੀਅਨਾਂ ਵਿਚਕਾਰ ਮਦਾਂ ਅਤੇ ਸ਼ਰਤਾਂ ਦੀ ਤੁਲਨਾ ਕਰਨਾ ਯਕੀਨੀ ਬਣਾਓ। "ਮੁਫ਼ਤ ਮਦਦ" ਵੇਖੋ।
- ਵਰਤੀ ਗਈ ਕਾਰ ਲਈ ਕਰਜ਼ੇ ਸ਼ਿਕਾਰੀ ਸ਼ਾਹੂਕਾਰੀ ਦੀ ਇੱਕ ਆਮ ਕਿਸਮ ਹਨ। ਅਕਸਰ, ਇਹ ਕਰਜ਼ੇ ਕਰਜ਼ਦਾਰ ਵਾਸਤੇ ਮਾੜੇ ਹੁੰਦੇ ਹਨ। ਹੋਰਨਾਂ ਕਰਜ਼ਿਆਂ ਵਾਂਗ, ਆਪਣੀ ਪੁੱਛ-ਪੜਤਾਲ ਕਰੋ ਅਤੇ ਤੁਹਾਡੇ ਵਾਸਤੇ ਸਭ ਤੋਂ ਵਧੀਆ ਪੇਸ਼ਕਸ਼ ਲੱਭਣ ਲਈ ਮਦਾਂ ਅਤੇ ਸ਼ਰਤਾਂ ਦੀ ਤੁਲਨਾ ਕਰੋ।

## ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਵਿੱਤੀ ਘੋਟਾਲੇ

- **ਆਸ਼ੀਰਵਾਦ ਘੋਟਾਲਾ:** ਕੋਈ ਤੁਹਾਨੂੰ ਦੱਸਦਾ ਹੈ ਕਿ ਤੁਹਾਡੇ ਜਾਂ ਤੁਹਾਡੇ ਪਰਿਵਾਰ ਵਿੱਚੋਂ ਕਿਸੇ ਨਾਲ ਕੁਝ ਮਾੜਾ ਹੋਣ ਵਾਲਾ ਹੈ ਜਦ ਤੱਕ ਤੁਸੀਂ ਆਪਣੀ ਧਨ-ਦੌਲਤ 'ਤੇ ਆਸ਼ੀਰਵਾਦ ਪ੍ਰਾਪਤ ਨਹੀਂ ਕਰਦੇ। ਰਵਾਇਤੀ ਤੌਰ 'ਤੇ, "ਧਨ-ਦੌਲਤ" ਦਾ ਮਤਲਬ ਨਕਦੀ ਅਤੇ ਗਹਿਣਿਆਂ ਤੋਂ ਹੁੰਦਾ ਹੈ। ਆਸ਼ੀਰਵਾਦ ਲੈਣ ਵਾਸਤੇ ਤੁਹਾਡੇ ਲਈ ਆਪਣੀ ਧਨ-ਦੌਲਤ ਨੂੰ ਨਾਲ ਲਿਆਉਣਾ ਲਾਜ਼ਮੀ ਹੁੰਦਾ ਹੈ। "ਆਸ਼ੀਰਵਾਦ" ਦੇ ਦੌਰਾਨ ਤੁਹਾਡੀ ਧਨ-ਦੌਲਤ ਚੋਰੀ ਕਰ ਲਈ ਜਾਂਦੀ ਹੈ। NYC ਵਿੱਚ, ਇਹਨਾਂ ਘੋਟਾਲਿਆਂ ਨੇ ਚੀਨੀ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਹੈ।
- **ਲੈਂਡਿੰਗ ਸਰਕਲ ਘੋਟਾਲਾ:** ਕਈ ਸਾਰੇ ਪ੍ਰਵਾਸੀ ਭਾਈਚਾਰਿਆਂ ਵਾਸਤੇ, ਉਧਾਰ ਦੇਣ ਵਾਲੇ ਗੈਰ-ਰਸਮੀ ਸਰਕਲ ਉਸ ਸਮੇਂ ਪੈਸੇ ਹਾਸਲ ਕਰਨ ਦਾ ਤਰੀਕਾ ਹੁੰਦੇ ਹਨ ਜਦ ਤੁਸੀਂ ਕਿਸੇ ਬੈਂਕ ਜਾਂ ਕਰੈਡਿਟ ਯੂਨੀਅਨ ਤੋਂ ਪੈਸੇ ਪ੍ਰਾਪਤ ਨਹੀਂ ਕਰ ਸਕਦੇ। ਭਾਗੀਦਾਰ ਹਰ ਮਹੀਨੇ ਪੈਸਿਆਂ ਦਾ ਭੁਗਤਾਨ ਕਰਦੇ ਹਨ। ਤੁਹਾਨੂੰ ਭੁਗਤਾਨ ਓਦੋਂ ਮਿਲਦਾ ਹੈ ਜਦ ਤੁਹਾਡੀ ਵਾਰੀ ਆਉਂਦੀ ਹੈ। ਸ਼ਾਮਲ ਹੋਣ ਤੋਂ ਪਹਿਲਾਂ ਕਿਸੇ ਵੀ ਲੈਂਡਿੰਗ ਸਰਕਲ ਬਾਰੇ ਆਪਣੀ ਪੁੱਛ-ਪੜਤਾਲ ਕਰੋ।
- **ਕਿਸਮਤ ਦੱਸਣ ਵਾਲਾ ਘੋਟਾਲਾ:** ਨਿਊ ਯਾਰਕ ਵਿੱਚ "ਕਿਸਮਤ ਦੱਸਣਾ" ਗੈਰ-ਕਨੂੰਨੀ ਹੈ। ਕੋਈ ਵੀ ਤੁਹਾਡੇ ਭਵਿੱਖ ਦੀ ਭਵਿੱਖਬਾਣੀ ਕਰਨ ਲਈ ਜਾਂ ਕਿਸੇ ਸਰਾਪ ਤੋਂ ਮੁਕਤੀ ਦੁਆਉਣ ਲਈ ਤੁਹਾਡੇ ਕੋਲੋਂ ਪੈਸੇ ਨਹੀਂ ਲੈ ਸਕਦਾ।

## ਮੁਫ਼ਤ ਮਦਦ

- ਇੱਕ NYC ਫਾਈਨੈਂਸ਼ੀਅਲ ਇਮਪਾਵਰਮੈਂਟ ਸੈਂਟਰ ਵਿਖੇ ਮੁਫ਼ਤ ਪੇਸ਼ੇਵਰਾਨਾ ਇਕੱਲੇ-ਨਾਲ-ਇਕੱਲੇ ਦਾ ਵਿੱਤੀ ਸਲਾਹ-ਮਸ਼ਵਰਾ ਹਾਸਲ ਕਰੋ। ਤੁਹਾਡੇ ਨੇੜਲੇ ਇਲਾਕੇ ਵਿੱਚ ਕੋਈ ਮੁਲਾਕਾਤ ਤੈਅ ਕਰਨ ਲਈ 311 ਨੂੰ ਕਾਲ ਕਰੋ ਜਾਂ ਵਧੇਰੇ ਜਾਣਕਾਰੀ ਵਾਸਤੇ nyc.gov/dca ਦੇਖੋ।
- ਤੁਹਾਡੀ ਕਰੈਡਿਟ ਰਿਪੋਰਟ ਦੀ ਇੱਕ ਮੁਫ਼ਤ ਕਾਪੀ ਦੇਖੋ ਅਤੇ ਇਸ ਦੀ ਧਿਆਨ ਨਾਲ ਸਮੀਖਿਆ ਕਰੋ। annualcreditreport.com 'ਤੇ ਜਾਓ ਜਾਂ 1-877-322-8228 'ਤੇ ਮੁਫ਼ਤ ਕਾਲ ਕਰੋ।
- NYCitizenship ਰਾਹੀਂ ਤੁਸੀਂ ਨਾਗਰਿਕਤਾ ਅਰਜ਼ੀਆਂ ਦੇ ਸਬੰਧ ਵਿੱਚ ਮੁਫ਼ਤ ਕਨੂੰਨੀ ਮਦਦ ਪ੍ਰਾਪਤ ਕਰ ਸਕਦੇ ਹੋ। ਤੁਹਾਡੇ ਵਾਸਤੇ ਕੋਈ ਮੁਲਾਕਾਤ ਦਾ ਸਮਾਂ ਤੈਅ ਕਰਨਾ ਲਾਜ਼ਮੀ ਹੈ। 311 ਨੂੰ ਕਾਲ ਕਰੋ ਅਤੇ "citizenship appointment" ਕਹੋ ਜਾਂ NYCitizenship ਹੌਟਲਾਈਨ ਨੂੰ 1-212-514-4277 'ਤੇ ਕਾਲ ਕਰੋ।
- ਸ਼ਹਿਰ ਦੇ ਇਮੀਗਰਾਂਟ ਬਿਜਨਸ ਈਨਿਸ਼ੀਏਟਿਵ ਰਾਹੀਂ ਸਪੇਨੀ, ਚੀਨੀ, ਰੂਸੀ, ਕੋਰੀਆਈ, ਹੈਤੀਅਨ ਕ੍ਰੀਓਲ, ਫ੍ਰੈਂਚ, ਬੰਗਾਲੀ, ਅਤੇ ਅਰਬੀ ਵਿੱਚ ਮੁਫ਼ਤ ਬਿਜਨਸ ਕੋਰਸ ਉਪਲਬਧ ਹਨ। nyc.gov/immigrantbusinesses ਦੇਖੋ ਜਾਂ 311 'ਤੇ ਕਾਲ ਕਰੋ ਅਤੇ ਪ੍ਰਵਾਸੀਆਂ ਲਈ ਕਾਰੋਬਾਰੀ ਸੇਵਾਵਾਂ ਵਾਸਤੇ ਪੁੱਛੋ।

## ਹੋਰ ਸਰੋਤ

- ਪ੍ਰਵਾਸੀਆਂ ਵਾਸਤੇ ਖਪਤਕਾਰ ਸੁਰੱਖਿਆ ਸਬੰਧੀ ਹੋਰ ਨੁਕਤੇ ਪੜ੍ਹੋ:
  - ਰੁਜ਼ਗਾਰ ਅਦਾਰੇ
  - ਪ੍ਰਵਾਸ ਸਹਾਇਤਾ ਸੇਵਾਵਾਂ
  - ਟੈਕਸ ਦੀ ਤਿਆਰੀ
- ਘੋਟਾਲਿਆਂ ਬਾਰੇ ਵਧੇਰੇ ਜਾਣਕਾਰੀ ਵਾਸਤੇ nyc.gov/dca ਵੀ ਦੇਖੋ।
- ਮੇਅਰਜ ਆਫਿਸ ਆਫ ਇਮੀਗਰਾਂਟ ਅਫੇਅਰਜ (MOIA): ਪ੍ਰਵਾਸੀਆਂ ਵਾਸਤੇ ਕਨੂੰਨੀ ਅਤੇ ਸ਼ਹਿਰੀ ਸੇਵਾਵਾਂ ਬਾਰੇ ਜਾਣਕਾਰੀ ਵਾਸਤੇ nyc.gov/immigrants ਦੇਖੋ।
- ਛੋਟੇ ਕਾਰੋਬਾਰ ਲਈ ਸੇਵਾਵਾਂ (SBS): ਕਾਰੋਬਾਰ ਮਾਲਕਾਂ ਵਾਸਤੇ ਮੁਫ਼ਤ ਸੇਵਾਵਾਂ ਬਾਰੇ ਜਾਣਨ ਲਈ nyc.gov/immigrantbusinesses ਦੇਖੋ ਜਾਂ 311 ਨਾਲ ਸੰਪਰਕ ਕਰੋ। NYC ਬਿਜਨਸ ਸੋਲੂਸ਼ਨਜ ਸੈਂਟਰਜ ਅਤੇ ਇਮੀਗਰਾਂਟ ਬਿਜਨਸ ਈਨਿਸ਼ੀਏਟਿਵ SBS ਦੁਆਰਾ ਚਲਾਏ ਜਾਂਦੇ ਹਨ।
- ਖਪਤਕਾਰ ਵਿੱਤੀ ਸੁਰੱਖਿਆ ਬਿਊਰੋ (Consumer Financial Protection Bureau) (CFPB): ਕਿਸੇ ਹੋਰ ਦੇਸ਼ ਪੈਸੇ ਭੇਜਣ ਬਾਰੇ ਵਧੇਰੇ ਜਾਣਕਾਰੀ ਵਾਸਤੇ consumerfinance.gov ਦੇਖੋ।

# ਪ੍ਰਵਾਸੀਆਂ ਵਾਸਤੇ ਖਪਤਕਾਰ ਸੁਰੱਖਿਆ ਨੁਕਤੇ:

# ਟੈਕਸ ਦੀ ਤਿਆਰੀ

## ਇਸਤੋਂ ਪਹਿਲਾਂ ਕਿ ਤੁਸੀਂ ਪੜ੍ਹਨਾ ਜਾਰੀ ਰੱਖੋਂ...

**ਮੁਫ਼ਤ ਮਦਦ ਪ੍ਰਾਪਤ ਕਰੋ।**
ਇਹ ਸ਼ਹਿਰ ਨਿਊ ਯਾਰਕ ਦੇ ਯੋਗ ਨਿਵਾਸੀਆਂ ਵਾਸਤੇ **NYC Free Tax Prep** ਦੀ ਪੇਸ਼ਕਸ਼ ਕਰਦਾ ਹੈ। ਵਧੇਰੇ ਜਾਣਕਾਰੀ ਵਾਸਤੇ **nyc.gov/taxprep** ਦੇਖੋ ਜਾਂ **311** 'ਤੇ ਸੰਪਰਕ ਕਰੋ। "ਮੁਫ਼ਤ ਮਦਦ" ਵੇਖੋ।

## ਆਮ ਨੁਕਤੇ

**ਜੇ ਤੁਸੀਂ ਆਪਣੇ ਟੈਕਸਾਂ ਨੂੰ ਦਾਇਰ ਕਰਨ ਲਈ ਕਿਸੇ ਪੇਡ ਟੈਕਸ ਪ੍ਰੀਪੇਅਰਰ ਦੀ ਵਰਤੋਂ ਕਰਦੇ ਹੋ, ਤਾਂ ਤੁਹਾਡੀ ਮਦਦ ਕਰਨ ਲਈ ਏਥੇ ਕੁਝ ਨੁਕਤੇ ਦਿੱਤੇ ਜਾ ਰਹੇ ਹਨ।**

- **ਯਕੀਨੀ ਬਣਾਓ ਕਿ ਤੁਹਾਡਾ ਟੈਕਸ ਪ੍ਰੀਪੇਅਰਰ ਪੰਜੀਕਿਰਤ ਹੈ।** ਨਿਊ ਯਾਰਕ ਪ੍ਰਾਂਤ ਵਿਚਲਾ ਹਰੇਕ ਟੈਕਸ ਪ੍ਰੀਪੇਅਰਰ ਲਾਜ਼ਮੀ ਤੌਰ 'ਤੇ ਨਿਊ ਯਾਰਕ ਸਟੇਟ ਡਿਪਾਰਟਮੈਂਟ ਆਫ ਟੈਕਸੇਸ਼ਨ ਐਂਡ ਫਾਈਨੈਂਸ ਕੋਲ ਪੰਜੀਕਿਰਤ ਹੋਣਾ ਚਾਹੀਦਾ ਹੈ। ਇੱਕ ਤਲਾਸ਼ ਕਰਨਯੋਗ ਡੈਟਾਬੇਸ ਵਾਸਤੇ tax.ny.gov ਦੇਖੋ।

> ਕਾਰੋਬਾਰੀ ਸਮੇਂ ਦੌਰਾਨ **311 'ਤੇ ਕਾਲ ਕਰੋ** ਅਤੇ ਤੁਹਾਡੀ ਕਾਲ ਖਪਤਕਾਰ ਮਾਮਲਿਆਂ ਲਈ ਵਿਭਾਗ (DCA) ਕੋਲ ਤਬਦੀਲ ਕਰਨ ਲਈ ਕਹੋ ਤਾਂ ਜੋ ਇਹ ਦੇਖਿਆ ਜਾ ਸਕੇ ਕਿ ਕੀ ਕਾਰੋਬਾਰ ਬਾਰੇ ਕੋਈ ਸ਼ਿਕਾਇਤਾਂ ਮਿਲੀਆਂ ਹਨ।

- **ਆਪਣੇ ਅਧਿਕਾਰਾਂ ਨੂੰ ਜਾਣੋ।** ਟੈਕਸ ਪ੍ਰੀਪੇਅਰਰਾਂ ਨੂੰ ਲਾਜ਼ਮੀ ਤੌਰ 'ਤੇ ਇਹ ਕਰਨਾ ਚਾਹੀਦਾ ਹੈ:
  - ਤੁਹਾਡੇ ਨਾਲ ਟੈਕਸ ਦੀ ਤਿਆਰੀ ਸਬੰਧੀ ਸੇਵਾਵਾਂ ਬਾਰੇ ਕਿਸੇ ਵੀ ਵਿਚਾਰ-ਵਟਾਂਦਰਿਆਂ ਨੂੰ ਸ਼ੁਰੂ ਕਰਨ ਤੋਂ ਪਹਿਲਾਂ, ਤੁਹਾਨੂੰ *Consumer Bill of Rights Regarding Tax Preparers* ਦੀ ਇੱਕ ਮੁਫ਼ਤ, ਵਰਤਮਾਨ, ਅਤੇ ਪੜ੍ਹਨਯੋਗ ਕਾਪੀ ਦੇਣੀ ਚਾਹੀਦੀ ਹੈ।
  - ਆਪਣੀਆਂ ਯੋਗਤਾਵਾਂ, ਫੀਸਾਂ, ਨੂੰ ਪੋਸਟ ਕਰਨਾ ਚਾਹੀਦਾ ਹੈ ਅਤੇ ਇਹ ਵੀ ਕਿ ਕੀ ਉਹ ਕਿਸੇ ਸਰਕਾਰੀ ਲੇਖਾ-ਪੜਤਾਲ ਮੌਕੇ ਤੁਹਾਡੀ ਪ੍ਰਤੀਨਿਧਤਾ ਕਰਨਗੇ ਜਾਂ ਨਹੀਂ।.
  - ਹਰੇਕ ਟੈਕਸ ਰਿਟਰਨ 'ਤੇ ਦਸਤਖਤ ਕਰਨੇ ਚਾਹੀਦੇ ਹਨ।
  - ਤੁਹਾਡੀਆਂ ਟੈਕਸ ਰਿਟਰਨਾਂ ਦੀ ਇੱਕ ਨਕਲ ਅਤੇ ਇੱਕ ਵਿਸਤਰਿਤ ਰਸੀਦ ਜਾਂ ਸੇਵਾ ਦੀ ਸਟੇਟਮੈਂਟ ਦੇਣੀ ਚਾਹੀਦੀ ਹੈ।

> ਕਦੇ ਵੀ ਕਿਸੇ ਖਾਲੀ, ਅਧੂਰੀ, ਜਾਂ ਪੈਂਸਿਲ ਨਾਲ ਭਰੀ ਟੈਕਸ ਰਿਟਰਨ 'ਤੇ ਦਸਤਖਤ ਨਾ ਕਰੋ। ਇਸਨੂੰ ਬਾਅਦ ਵਿੱਚ ਬਦਲਿਆ ਜਾ ਸਕਦਾ ਹੈ।

- **ਇੱਕ ਅੰਦਾਜ਼ਾ ਲਾਉਣ ਲਈ ਕਹੋ ਅਤੇ ਆਪਣੀ ਵਿਸਤਰਿਤ ਰਸੀਦ ਜਾਂ ਸਟੇਟਮੈਂਟ ਦੀ ਤੁਲਨਾ ਪੋਸਟ ਕੀਤੀਆਂ ਕੀਮਤਾਂ ਨਾਲ ਕਰੋ।** ਤੁਹਾਡੇ ਟੈਕਸਾਂ ਨੂੰ ਤਿਆਰ ਕੀਤੇ ਜਾਣ ਤੋਂ ਪਹਿਲਾਂ ਤੁਹਾਨੂੰ ਅੰਦਾਜ਼ਾ ਲਾਉਣ ਲਈ ਕਹਿਣ ਦਾ ਅਧਿਕਾਰ ਹੈ। ਟੈਕਸ ਪ੍ਰੀਪੇਅਰਰ ਤੁਹਾਡੇ ਵੱਲੋਂ ਅਦਾ ਕੀਤੇ ਜਾਣ ਵਾਲੇ ਟੈਕਸਾਂ ਜਾਂ ਤੁਹਾਡੀ ਕਿਆਸੀ ਜਾਂਦੀ ਭੁਗਤਾਨ-ਵਾਪਸੀ ਦੇ ਆਧਾਰ 'ਤੇ ਤੁਹਾਡੇ ਕੋਲੋਂ ਫੀਸ ਨਹੀਂ ਲੈ ਸਕਦੇ।

- **ਭੁਗਤਾਨ–ਵਾਪਸੀ ਦਾ ਕਿਆਸ ਲਾਉਣ ਵਾਲੇ ਉਤਪਾਦਾਂ ਤੋਂ ਬਚੋ।** ਇੱਕ ਰੀਫੰਡ ਐਂਟੀਸਿਪੇਸ਼ਨ ਚੈੱਕ (RAC) ਜਾਂ ਰੀਫੰਡ ਟ੍ਰਾਂਸਫਰ, ਟੈਕਸ ਤਿਆਰੀ ਦੀਆਂ ਫੀਸਾਂ ਦਾ ਬਾਅਦ ਵਿੱਚ ਭੁਗਤਾਨ ਕਰਨ ਦੇ ਮਹਿੰਗੇ ਤਰੀਕੇ ਹਨ। ਇੱਕ ਰੀਫੰਡ ਐਂਟੀਸਿਪੇਸ਼ਨ ਲੋਨ (RAL) ਉੱਚ-ਵਿਆਜ ਵਾਲਾ ਕਰਜ਼ਾ ਹੁੰਦਾ ਹੈ। ਇਹ ਉਤਪਾਦ ਤੁਹਾਡੀ ਭੁਗਤਾਨ-ਵਾਪਸੀ ਨੂੰ ਤੇਜ਼ ਨਹੀਂ ਕਰਦੇ।

### ਮਹੱਤਵਪੂਰਨ

- ਕਿਸੇ RAL ਜਾਂ RAC ਦੀ ਵਰਤੋਂ ਕਰਨ ਨਾਲ ਤੁਹਾਡੇ ਪੈਸੇ ਖ਼ਰਚ ਹੋਣਗੇ ਅਤੇ ਤੁਹਾਨੂੰ ਪ੍ਰਾਪਤ ਹੋਣ ਵਾਲੀ ਭੁਗਤਾਨ-ਵਾਪਸੀ ਦੀ ਰਕਮ ਘਟ ਜਾਵੇਗੀ।
- ਉਧਾਰ ਦੇਣ ਵਾਲਾ ਤੁਹਾਡੇ ਕੋਲੋਂ ਫੀਸਾਂ ਅਤੇ ਵਿਆਜ਼ ਲੈ ਸਕਦਾ ਹੈ। ਕਰਜ਼ੇ ਦੀ ਪੇਸ਼ਕਸ਼ ਕਰਨ ਵਾਲਾ ਟੈਕਸ ਪ੍ਰੀਪੇਅਰਰ ਤੁਹਾਡੀ RAL ਅਰਜ਼ੀ ਤਿਆਰ ਕਰਨ ਵਾਸਤੇ ਖ਼ਰਚੇ ਜਾਂ ਫੀਸਾਂ ਸ਼ਾਮਲ ਨਹੀਂ ਕਰ ਸਕਦਾ।
- ਕਿਸੇ ਟੈਕਸ ਪ੍ਰੀਪੇਅਰਰ ਵਾਸਤੇ ਇਹ ਦਾਅਵਾ ਕਰਨਾ ਗੈਰ-ਕਨੂੰਨੀ ਹੈ ਕਿ RAL ਇੱਕ "ਤੁਰੰਤ ਭੁਗਤਾਨ-ਵਾਪਸੀ," ਇੱਕ "ਜਲਦ ਭੁਗਤਾਨ-ਵਾਪਸੀ," ਇੱਕ "ਐਕਸਪ੍ਰੈੱਸ ਭੁਗਤਾਨ-ਵਾਪਸੀ," "preFund," "ਜਲਦ ਕੈਸ਼," ਹੈ ਜਾਂ RAL ਦੇ ਇੱਕ ਕਰਜ਼ਾ ਹੋਣ ਦੇ ਤੱਥ ਨੂੰ ਲੁਕਾਉਣ ਵਾਲੀ ਕਿਸੇ ਹੋਰ ਸ਼ਬਦਾਵਲੀ ਦੀ ਵਰਤੋਂ ਕਰਨਾ।
- ਤੁਹਾਡਾ ਟੈਕਸ ਪ੍ਰੀਪੇਅਰਰ ਤੁਹਾਡੇ ਕੋਲੋਂ RAL ਲੈਣਾ ਨਹੀਂ ਲੋੜ ਸਕਦਾ।

> ਭੁਗਤਾਨ-ਵਾਪਸੀਆਂ ਦੇ ਭੁਗਤਾਨ ਨੂੰ ਤੇਜ਼ ਕਰਨ ਲਈ ਇਲੈਕਟ੍ਰਾਨਿਕ ਰਿਟਰਨ ਦਾਇਰ ਕਰਨ, ਡਾਇਰੈਕਟ ਡਿਪੋਜ਼ਿਟ, ਅਤੇ ਹੋਰ ਵਿਕਲਪਾਂ ਦੀ ਵਰਤੋਂ ਕਰਨ ਬਾਰੇ ਪੁੱਛੋ। ਜੇ ਤੁਸੀਂ ਡਾਇਰੈਕਟ ਡਿਪੋਜ਼ਿਟ ਦੀ ਵਰਤੋਂ ਕਰਦੇ ਹੋ, ਤਾਂ ਤੁਸੀਂ ਆਪਣੇ ਸੰਘੀ ਟੈਕਸ ਦੀ ਭੁਗਤਾਨ-ਵਾਪਸੀ **8 ਤੋਂ 14** ਕਾਰੋਬਾਰੀ ਦਿਨਾਂ ਵਿੱਚ ਪ੍ਰਾਪਤ ਕਰ ਸਕਦੇ ਹੋ।

- **ਪ੍ਰੀਪੇਡ ਅਤੇ ਗਿਫਟ ਕਾਰਡਾਂ ਬਾਰੇ ਬਾਰੀਕ ਅੱਖਰਾਂ ਵਿੱਚ ਲਿਖਿਆ ਪੜ੍ਹੋ।** ਕਈ ਪ੍ਰੀਪੇਅਰਰ ਤੁਹਾਡੀ ਕੁਝ ਕੁ ਜਾਂ ਸਾਰੀ ਭੁਗਤਾਨ-ਵਾਪਸੀ ਨੂੰ ਕਿਸੇ ਪ੍ਰੀਪੇਡ ਜਾਂ ਗਿਫਟ ਕਾਰਡ 'ਤੇ ਪਾਉਣ ਦੀ ਪੇਸ਼ਕਸ਼ ਕਰਦੇ ਹਨ। ਇਹ ਪਤਾ ਕਰਨਾ ਯਕੀਨੀ ਬਣਾਓ ਕਿ ਇਸ ਵਿਕਲਪ ਵਾਸਤੇ ਪ੍ਰੀਪੇਅਰਰ ਕਿੰਨਾ ਖ਼ਰਚਾ ਲੈਂਦਾ ਹੈ। ਨਾਲ ਹੀ, ਕਾਰਡ ਦੀ ਵਰਤੋਂ ਕਰਨ, ਵਰਤੋਂ ਨਾ ਕਰਨ, ਜਾਂ ਇਸਨੂੰ ਮੁੜ-ਲੋਡ ਕਰਨ ਦੀ ਫੀਸ ਬਾਰੇ ਜਾਣੋ; ਕੀ ਕਾਰਡ ਦੀ ਕੋਈ ਮਿਆਦ ਸਮਾਪਤੀ ਮਿਤੀ ਹੈ; ਅਤੇ ਜੇ ਤੁਹਾਡਾ ਕਾਰਡ ਗੁੰਮ ਹੋ ਜਾਂਦਾ ਹੈ ਤਾਂ ਕੀ ਵਾਪਰਦਾ ਹੈ।
- **DCA ਕੋਲ ਸ਼ਿਕਾਇਤ ਦਾਇਰ ਕਰੋ।** DCA ਕੋਲ ਔਨਲਾਈਨ nyc.gov/dca 'ਤੇ ਸ਼ਿਕਾਇਤ ਦਾਇਰ ਕਰਵਾਓ ਜਾਂ ਫਿਰ ਆਪਣੀ ਭਾਸ਼ਾ ਵਿੱਚ ਸ਼ਿਕਾਇਤ ਦਾਇਰ ਕਰਵਾਉਣ ਲਈ 311 ਨਾਲ ਸੰਪਰਕ ਕਰੋ। ਸ਼ਿਕਾਇਤ ਕਰਨ ਵਾਸਤੇ ਤੁਹਾਨੂੰ ਆਪਣਾ ਨਾਮ ਜਾਂ ਤੁਹਾਡੇ ਪ੍ਰਵਾਸੀ ਦਰਜੇ ਬਾਰੇ ਦੱਸਣ ਦੀ ਲੋੜ ਨਹੀਂ ਹੈ। ਨੋਟ: ਜੇ ਤੁਸੀਂ ਚਾਹੁੰਦੇ ਹੋ ਕਿ DCA ਤੁਹਾਡੇ ਨਾਲ ਸੰਪਰਕ ਕਰੇ, ਤਾਂ ਤੁਹਾਡੇ ਲਈ ਆਪਣਾ ਨਾਮ ਅਤੇ ਪਤਾ ਪ੍ਰਦਾਨ ਕਰਾਉਣਾ ਲਾਜ਼ਮੀ ਹੈ।

# ਇਹਨਾਂ ਤੋਂ ਬਚੋ...

## ਸ਼ਿਕਾਰੀ ਕਾਰੋਬਾਰ

ਚਾਹੇ ਤੁਹਾਡੇ ਟੈਕਸਾਂ ਨੂੰ ਕੋਈ ਵੀ ਤਿਆਰ ਕਰੇ, ਪਰ ਤੁਹਾਡੀ ਭੁਗਤਾਨ-ਵਾਪਸੀ ਦੀ ਰਕਮ ਓਨੀ ਹੀ ਹੋਣੀ ਚਾਹੀਦੀ ਹੈ। ਉਹਨਾਂ ਪ੍ਰੀਪੇਅਰਰਾਂ ਤੋਂ ਬਚੋ ਜੋ ਦਾਅਵਾ ਕਰਦੇ ਹਨ ਕਿ ਉਹ ਤੁਹਾਨੂੰ ਜ਼ਿਆਦਾ ਭੁਗਤਾਨ-ਵਾਪਸੀ ਕਰਵਾ ਸਕਦੇ ਹਨ।

## ਇੰਟਰਨਲ ਰੈਵੇਨਿਊ ਸਰਵਿਸ (IRS) ਘੋਟਾਲਾ

ਤੁਹਾਨੂੰ IRS ਵੱਲੋਂ ਇੱਕ ਕਾਲ ਪ੍ਰਾਪਤ ਹੁੰਦੀ ਹੈ ਕਿ ਜੋ ਜਾਂ ਤਾਂ ਧਮਕੀ ਦਿੰਦੀ ਹੈ ਕਿ ਤੁਹਾਡੀ ਦੇਣਦਾਰੀ ਬਣਦੀ ਹੈ ਜਾਂ ਇਹ ਕਿ ਤੁਹਾਡੀ ਕਾਫੀ ਵੱਡੀ ਭੁਗਤਾਨ-ਵਾਪਸੀ ਬਣਦੀ ਹੈ।
**ਅੜਿੱਕਾ:** ਤੁਹਾਨੂੰ ਪੁਸ਼ਟੀ ਕਰਨ ਦੀ ਜਾਂ ਜਾਣਕਾਰੀ ਜਾਂ ਭੁਗਤਾਨ ਪ੍ਰਦਾਨ ਕਰਾਉਣ ਦੀ ਲੋੜ ਹੁੰਦੀ ਹੈ।

*IRS ਕਦੇ ਵੀ:*

- *ਤੁਹਾਡੀ ਨਿੱਜੀ ਜਾਂ ਵਿੱਤੀ ਜਾਣਕਾਰੀ ਬਾਰੇ ਤੁਹਾਨੂੰ ਕਾਲ ਜਾਂ ਈਮੇਲ ਨਹੀਂ ਕਰੇਗੀ।*
- *ਗਿਫਟ ਕਾਰਡ ਰਾਹੀਂ ਤੁਹਾਡੇ ਕੋਲੋਂ ਭੁਗਤਾਨ ਨਹੀਂ ਲੋੜੇਗੀ।*

## ਮੁਫ਼ਤ ਮਦਦ

- ਹੋ ਸਕਦਾ ਹੈ ਤੁਸੀਂ NYC Free Tax Prep ਸੇਵਾਵਾਂ ਵਾਸਤੇ ਯੋਗਤਾ ਪੂਰੀ ਕਰਦੇ ਹੋਵੋਂ, ਜਿੰਨ੍ਹਾਂ ਵਿੱਚ ਔਨਲਾਈਨ ਰਿਟਰਨ ਭਰਨਾ ਅਤੇ ਕਿਸੇ IRS ਪ੍ਰਮਾਣਿਤ VITA/TCE ਵਲੰਟੀਅਰ ਪ੍ਰੀਪੇਅਰਰ ਕੋਲੋਂ ਖੁਦ ਹਾਜ਼ਰ ਹੋਕੇ ਰਿਟਰਨ ਭਰਵਾਉਣਾ ਸ਼ਾਮਲ ਹੈ। ਵਧੇਰੇ ਜਾਣਕਾਰੀ ਵਾਸਤੇ, ਜਿਸ ਵਿੱਚ ਆਮਦਨ ਦੀ ਯੋਗਤਾ ਅਤੇ ਤੁਹਾਡੇ ਟੈਕਸ ਦਾਇਰ ਕਰਨ ਲਈ ਤੁਹਾਨੂੰ ਲੋੜੀਂਦੇ ਦਸਤਾਵੇਜ਼ਾਂ ਦੀ ਸੂਚੀ ਸ਼ਾਮਲ ਹੈ, nyc.gov/taxprep ਦੇਖੋ ਜਾਂ 311 ਨੂੰ ਕਾਲ ਕਰੋ ਅਤੇ ਟੈਕਸ ਦੀ ਤਿਆਰੀ ਵਿੱਚ ਸਹਾਇਤਾ ਬਾਰੇ ਪੁੱਛੋ।

### ਮਹੱਤਵਪੂਰਨ

- ਆਪਣੇ ਟੈਕਸਾਂ ਨੂੰ ਦਾਇਰ ਕਰਨ ਲਈ ਪਛਾਣ ਦੇ ਸਬੂਤ ਵਜੋਂ ਤੁਸੀਂ IDNYC ਦੀ ਵਰਤੋਂ ਕਰ ਸਕਦੇ ਹੋ।
- ਕੁਝ NYC Free Tax Prep ਸਾਈਟਾਂ ਤੁਹਾਨੂੰ ਇੱਕ ਇੰਡਿਵਿਜ਼ੁਅਲ ਟੈਕਸਪੇਅਰ ਆਈਡੈਂਟੀਫਿਕੇਸ਼ਨ ਨੰਬਰ (ITIN) ਵਾਸਤੇ ਅਰਜ਼ੀ ਦੇਣ ਵਿੱਚ ਮਦਦ ਕਰ ਸਕਦੀਆਂ ਹਨ। ਸਾਈਟ ਉੱਤੇ ਦਿੱਤੇ ਵਿਸਥਾਰ ਦੇਖੋ।
  - ITIN ਇੱਕ ਟੈਕਸ 'ਤੇ ਪ੍ਰਕਿਰਿਆ ਕਰਨ ਵਾਲਾ ਨੰਬਰ ਹੈ ਜੋ IRS ਦੁਆਰਾ ਜਾਰੀ ਕੀਤਾ ਜਾਂਦਾ ਹੈ। IRS ਉਹਨਾਂ ਵਿਦੇਸ਼ੀ ਨਾਗਰਿਕਾਂ ਅਤੇ ਹੋਰ ਲੋਕਾਂ ਨੂੰ ITINs ਜਾਰੀ ਕਰਦੀ ਹੈ ਜਿੰਨ੍ਹਾਂਦੀਆਂ ਸੰਘੀ ਟੈਕਸ ਦੀ ਰਿਪੋਰਟ ਕਰਨ ਜਾਂ ਰਿਟਰਨ ਦਾਇਰ ਕਰਨ ਦੀਆਂ ਲੋੜਾਂ ਹੁੰਦੀਆਂ ਹਨ ਅਤੇ ਜੋ ਸ਼ੋਸ਼ਲ ਸਕਿਊਰਿਟੀ ਨੰਬਰਾਂ ਵਾਸਤੇ ਯੋਗਤਾ ਪੂਰੀ ਨਹੀਂ ਕਰਦੇ।

- ਟੈਕਸ ਦੀ ਭੁਗਤਾਨ-ਵਾਪਸੀ ਦਾ ਪੂਰਾ ਲਾਹਾ ਲੈਣ ਲਈ ਕਿਸੇ NYC ਫਾਈਨੈਂਸ਼ੀਅਲ ਇਮਪਾਵਰਮੈਂਟ ਸੈਂਟਰ ਵਿਖੇ ਮੁਫ਼ਤ ਪੇਸ਼ੇਵਰਾਨਾ ਇਕੱਲੇ-ਨਾਲ-ਇਕੱਲੇ ਦਾ ਵਿੱਤੀ ਸਲਾਹ-ਮਸ਼ਵਰਾ ਹਾਸਲ ਕਰੋ। ਤੁਹਾਡੇ ਨੇੜਲੇ ਇਲਾਕੇ ਵਿੱਚ ਕੋਈ ਮੁਲਾਕਾਤ ਤੈਅ ਕਰਨ ਲਈ 311 ਨੂੰ ਕਾਲ ਕਰੋ ਜਾਂ ਵਧੇਰੇ ਜਾਣਕਾਰੀ ਵਾਸਤੇ nyc.gov/dca ਦੇਖੋ।

## ਹੋਰ ਸਰੋਤ

- ਪ੍ਰਵਾਸੀਆਂ ਵਾਸਤੇ ਖਪਤਕਾਰ ਸੁਰੱਖਿਆ ਸਬੰਧੀ ਹੋਰ ਨੁਕਤੇ ਪੜ੍ਹੋ:
  - ਰੁਜ਼ਗਾਰ ਅਦਾਰੇ
  - ਵਿੱਤ
  - ਪ੍ਰਵਾਸ ਸਹਾਇਤਾ ਸੇਵਾਵਾਂ
- ਮੇਅਰਜ ਆਫਿਸ ਆਫ ਇਮੀਗਰਾਂਟ ਅਫੇਅਰਜ (MOIA): ਪ੍ਰਵਾਸੀਆਂ ਵਾਸਤੇ ਕਨੂੰਨੀ ਅਤੇ ਸ਼ਹਿਰੀ ਸੇਵਾਵਾਂ ਬਾਰੇ ਜਾਣਕਾਰੀ ਵਾਸਤੇ nyc.gov/immigrants ਦੇਖੋ।

## ਨੋਟ-ਕਥਨ

“ਵਧਣ-ਫੁੱਲਣ ਵਾਲੇ
ਭਾਈਚਾਰਿਆਂ ਦੀ ਸਿਰਜਣਾ
ਕਰਨ ਲਈ ਨਿਊ ਯਾਰਕ
ਵਾਸੀਆਂ ਦੀਆਂ ਰੋਜ਼ਾਨਾ
ਆਰਥਿਕ ਜਿੰਦਗੀਆਂ
ਦੀ ਰੱਖਿਆ ਕਰਨਾ ਅਤੇ
ਉਹਨਾਂ ਵਿੱਚ ਵਾਧਾ ਕਰਨਾ।”